Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 37

Daily Newspaper Monday, February 25, 2019 Tel: 905-793-2202 Fax: 905-793-2282 news@punjabipost.ca

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# ਕਿਤੇ ਨਾ ਕਿਤੇ ਤਾਂ ਹੱਦ ਪਾਰ ਕੀਤੀ ਗਈ ਹੈ : ਵਿਰੋਧੀ ਧਿਰਾਂ

## ਐਸਐਨਸੀ-ਲਾਵਾਲਿਨ ਮਾਮਲਾ :

ਓਟਵਾ, 24 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਤੇ ਨਿਊ ਡੈਮੋਕ੍ਰੈਟਸ ਵੱਲੋਂ ਸਹਿਜਿਆਂ ਹੀ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸਰਕਾਰ ਦਾ ਖਹਿੜਾ ਨਹੀਂ ਛੱਡਿਆ ਜਾਣ ਵਾਲਾ। ਸੋਮਵਾਰ ਨੂੰ ਪਾਰਲੀਆਮੈਂਟ ਦੀ ਕਾਰਵਾਈ ਮੁੜ ਸ਼ੁਰੂ ਹੋਣ ਉੱਤੇ ਦੋਵਾਂ ਵਿਰੋਧੀ ਧਿਰਾਂ ਵੱਲੋਂ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸਰਕਾਰ ਨੂੰ ਘੇਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਵਿਰੋਧੀ ਧਿਰਾਂ ਦੇ ਐਮਪੀਜ਼ ਦਾ ਕਹਿਣਾ ਹੈ ਕਿ ਨਿਆਂ ਕਮੇਟੀ ਸਾਹਮਣੇ ਹੋਈ ਹੁਣ ਤੱਕ ਦੀ ਸੁਣਵਾਈ ਤੋਂ ਇਹ ਸਾਹਮਣੇ ਆਇਆ ਹੈ ਕਿ ਕਿਤੇ ਨਾ ਕਿਤੇ ਤਾਂ ਹੱਦ ਪਾਰ ਕੀਤੀ ਗਈ ਹੈ।

ਐਸਐਨਸੀ-ਲਾਵਾਲਿਨ ਮਾਮਲੇ ਦਾ ਹਾਊਸ ਦੀ ਨਿਆਂ ਕਮੇਟੀ ਵੱਲੋਂ ਅਧਿਐਨ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿੱਚ ਉਸ ਸਮੇਂ ਨਵੇਂ ਖੁਲਾਸੇ ਹੋਣ ਦੀ ਸੰਭਾਵਨਾ ਹੈ ਜਦੋਂ ਮੰਗਲਵਾਰ ਨੂੰ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਵੱਲੋਂ ਕਮੇਟੀ ਸਾਹਮਣੇ ਪੇਸ਼ ਹੋ ਕੇ ਗਵਾਹੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਐਮਪੀਜ਼ ਇੱਕ ਵਾਰੀ ਫਿਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਮਾਮਲੇ ਵਿੱਚ ਕੁੱਝ ਦੱਸਣ ਲਈ ਰਾਜ਼ੀ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਪਹਿਲਾਂ ਵੀ ਕਮੇਟੀ ਸਾਹਮਣੇ ਪੀਐਮਓ ਤੋਂ ਕਿਸੇ ਸੀਨੀਅਰ ਅਧਿਕਾਰੀ ਨੂੰ ਪੇਸ਼ ਕਰਕੇ ਗਵਾਹੀ ਦਿਵਾਉਣ ਦੀ ਵਿਰੋਧੀ ਧਿਰਾਂ ਦੀ ਕੋਸ਼ਿਸ਼ ਦੋ ਵਾਰੀ ਅਸਫਲ ਹੋ ਚੁੱਕੀ ਹੈ।



ਜ਼ਿਕਰਯੋਗ ਹੈ ਕਿ ਗੁਪਤ ਸੂਤਰਾਂ ਦੇ ਹਵਾਲੇ ਨਾਲ ਗਲੋਬ ਐਂਡ ਮੇਲ ਨੇ 7 ਫਰਵਰੀ ਨੂੰ ਇਹ ਖੁਲਾਸਾ ਕੀਤਾ ਸੀ ਕਿ ਟਰੂਡੋ ਦੇ ਆਫਿਸ ਵੱਲੋਂ ਉਸ ਸਮੇਂ ਵਿਲਸਨ ਰੇਅਬੋਲਡ ਉੱਤੇ ਐਸਐਨਸੀ-ਲਾਵਾਲਿਨ ਖਿਲਾਫ ਮੁਜਰਮਾਨਾ ਕਾਰਵਾਈ ਨਾ ਕਰਨ ਲਈ ਦਬਾਅ ਪਾਇਆ ਗਿਆ ਸੀ ਜਦੋਂ ਉਹ ਅਟਾਰਨੀ ਜਨਰਲ ਸੀ। ਪਰ ਰੇਅਬੋਲਡ ਨੇ ਇਹ ਪ੍ਰਸਤਾਵ ਨਹੀਂ ਮੰਨਿਆ। ਇਸ ਤੋਂ ਕੁੱਝ ਮਹੀਨੇ ਬਾਅਦ ਰੇਅਬੋਲਡ ਨੂੰ ਵੈਟਰਨ ਮਾਮਲਿਆਂ ਸਬੰਧੀ ਮੰਤਰਾਲਾ ਦੇ ਦਿੱਤਾ ਗਿਆ। ਪਹਿਲਾਂ ਰੇਅਬੋਲਡ ਨੇ ਇਹ ਅਹੁਦਾ ਸਵੀਕਾਰ ਕਰ ਲਿਆ ਪਰ ਬਾਅਦ ਵਿੱਚ ਇਹ ਕਹਾਣੀ ਸਾਹਮਣੇ ਆਉਣ ਮਗਰੋਂ ਉਨ੍ਹਾਂ ਟਰੂਡੋ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ।

ਇਸ ਰਿਪੋਰਟ ਦੇ ਖੁਲਾਸੇ ਤੋਂ ਲੈ ਕੇ ਹੁਣ ਤੱਕ ਟਰੂਡੋ ਸਰਕਾਰ ਇਹੋ ਆਖਦੀ ਆ ਰਹੀ ਹੈ ਕਿ ਕੁੱਝ ਵੀ ਗਲਤ ਨਹੀਂ ਵਾਪਰਿਆ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਟਰੂਡੋ ਦੇ ਪ੍ਰਿੰਸੀਪਲ ਸਕੱਤਰ ਵੱਲੋਂ ਵੀ ਕਿਸੇ ਤਰ੍ਹਾਂ ਦੀ ਗੜਬੜ ਤੋਂ ਇਨਕਾਰ ਕਰਦਿਆਂ ਹੋਇਆਂ 18 ਫਰਵਰੀ ਨੂੰ ਅਸਤੀਫਾ ਦਿੱਤਾ ਜਾ ਚੁੱਕਿਆ ਹੈ।

## ਅੰਦਰ ਪੜ੍ਹੋ

ਅਮਿਤ ਸ਼ਾਹ ਦੇ ਸਾਰੇ ਭਾਸ਼ਣ ਵਿੱਚ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ ਗਾਇਬ



ਪੰਨਾ 03

ਬੰਗਲਾ ਦੇਸ਼ ਵਿੱਚ ਜਹਾਜ਼ ਅਗਵਾ ਕਰਨ ਦੀ ਕੋਸ਼ਿਸ਼ ਫੇਲ੍ਹ



ਪੰਨਾ 04

# ਤੇਜ਼ ਹਵਾਵਾਂ ਨੇ ਦੱਖਣੀ ਓਨਟਾਰੀਓ ਨੂੰ ਝੰਭਿਆ

## ਕਿਊਬਿਕ ਤੇ ਮੈਰੀਟਾਈਮਜ਼ ਵਿੱਚ ਵੀ ਤੂਫਾਨੀ ਮੌਸਮ ਬਣੇ ਰਹਿਣ ਦੇ ਆਸਾਰ



ਓਨਟਾਰੀਓ, 24 ਫਰਵਰੀ (ਪੋਸਟ ਬਿਊਰੋ) : ਇਸ ਵਾਰੀ ਪੂਰਬੀ ਕੈਨੇਡਾ ਤੋਂ ਠੰਢ ਸੁਖਾਲਿਆਂ ਜਾਂਦੀ ਨਜ਼ਰ ਨਹੀਂ ਆ ਰਹੀ। ਦੱਖਣੀ ਓਨਟਾਰੀਓ ਵਿੱਚ ਵੀ ਇਹੀ ਹਾਲ ਨਜ਼ਰ ਆ ਰਿਹਾ ਹੈ। ਦੱਖਣੀ ਓਨਟਾਰੀਓ ਵਿੱਚ ਤੇਜ਼ ਹਵਾਵਾਂ ਚੱਲਣ ਨਾਲ ਜਿੱਥੇ ਮੌਸਮ ਦਾ ਮਿਜਾਜ਼ ਕਾਫੀ ਕੜਕ ਹੋ ਗਿਆ ਉੱਥੇ ਹੀ ਕਿਊਬਿਕ ਤੇ ਮੈਰੀਟਾਈਮਜ਼ ਵਿੱਚ ਵੀ ਸੋਮਵਾਰ ਨੂੰ ਤੂਫਾਨੀ ਮੌਸਮ ਬਣੇ ਰਹਿਣ ਦੇ ਆਸਾਰ ਹਨ।

ਇੱਕ ਵਾਰ ਫਿਰ ਠੰਢ ਵੱਧ ਜਾਣ ਕਾਰਨ ਐਨਵਾਇਰਮੈਂਟ ਕੈਨੇਡਾ ਵੱਲੋਂ ਟੋਰਾਂਟੋ, ਕਿੰਗਸਟਨ, ਹੈਮਿਲਟਨ ਤੇ ਬੈਰੀ ਸਮੇਤ ਦੱਖਣੀ ਓਨਟਾਰੀਓ ਦੇ ਬਹੁਤੇ ਹਿੱਸੇ ਵਿੱਚ ਤੇਜ਼ ਹਵਾਵਾਂ ਚੱਲਣ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਅਨੁਸਾਰ ਸੋਮਵਾਰ ਸਵੇਰ ਤੱਕ ਗ੍ਰੇਟ ਲੇਕਸ ਦੇ ਨਾਲ ਲੱਗਦੇ ਇਲਾਕੇ ਵਿੱਚ 120 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ।

# ਕੀ ਲਿਬਰਲਾਂ ਨੂੰ ਲੱਗੀ ਢਾਹ ਨਾਲ ਜਗਮੀਤ ਸਿੰਘ ਨੂੰ ਹੋਵੇਗਾ ਫਾਇਦਾ?

ਬਰਨਾਬੀ, ਬੀਸੀ, 24 ਫਰਵਰੀ (ਪੋਸਟ ਬਿਊਰੋ) : ਮੈਟਰੋ ਵੈਨਕੂਵਰ ਜ਼ਿਮਨੀ ਚੋਣ ਦੌੜ ਐਨਡੀਪੀ ਆਗੂ ਜਗਮੀਤ ਸਿੰਘ ਲਈ ਵੱਕਾਰ ਦਾ ਸਵਾਲ ਬਣੀ ਹੋਈ ਹੈ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਪਿੱਛੇ ਜਿਹੇ ਲਿਬਰਲ ਪਾਰਟੀ ਨੂੰ ਸਹਿਣੇ ਪੈ ਰਹੇ ਉਤਰਾਅ ਚੜ੍ਹਾਅ ਨਾਲ ਜਗਮੀਤ ਸਿੰਘ ਨੂੰ ਫਾਇਦਾ ਹੋ ਸਕਦਾ ਹੈ।



ਓਨਟਾਰੀਓ ਦੇ 40 ਸਾਲਾ ਸਾਬਕਾ ਵਿਧਾਇਕ 2017 ਦੇ ਅੰਤ ਵਿੱਚ ਪਾਰਟੀ ਆਗੂ ਬਣਨ ਤੋਂ ਬਾਅਦ ਵੀ ਪਾਰਲੀਆਮੈਂਟ ਵਿੱਚ ਆਪਣੀ ਕੋਈ ਗੱਲ ਨਹੀਂ ਰੱਖ ਸਕਦੇ ਕਿਉਂਕਿ ਉਨ੍ਹਾਂ ਕੋਲ ਕੋਈ ਸੀਟ ਨਹੀਂ ਹੈ। ਹੁਣ ਬਰਨਾਬੀ ਸਾਊਥ ਤੋਂ ਉਨ੍ਹਾਂ ਨੂੰ ਮੌਕਾ ਮਿਲੇਗਾ ਜਦੋਂ ਸੋਮਵਾਰ ਨੂੰ ਹਲਕੇ ਦੇ ਵੋਟਰ ਵੋਟਾਂ ਪਾਉਣਗੇ। ਇੱਥੇ ਦੱਸਣਾ ਬਣਦਾ ਹੈ ਕਿ ਲਿਬਰਲਾਂ ਲਈ ਪਿਛਲਾ ਕੁੱਝ ਸਮਾਂ ਉਤਰਾਅ ਚੜ੍ਹਾਅ ਵਾਲਾ ਰਿਹਾ। ਲਿਬਰਲਾਂ ਵੱਲੋਂ ਇਸ ਸੀਟ ਲਈ ਮੈਦਾਨ ਵਿੱਚ ਉਤਾਰੀ ਗਈ ਉਨ੍ਹਾਂ ਦੀ ਪਹਿਲੀ ਉਮੀਦਵਾਰ ਕੈਰਨ ਵੈਂਗ ਨੇ ਜਗਮੀਤ ਸਿੰਘ ਸਬੰਧੀ ਨਸਲੀ ਟਿੱਪਣੀ ਕਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ। ਇਸ ਤੋਂ ਇਲਾਵਾ ਪਿਛਲੇ ਕੁੱਝ ਹਫਤਿਆਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਇਹ ਦੋਸ਼ ਲੱਗਦੇ ਰਹੇ ਹਨ ਕਿ ਉਨ੍ਹਾਂ ਦੇ ਆਫਿਸ ਵੱਲੋਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਉੱਤੇ ਦਬਾਅ ਪਾ ਕੇ ਐਸਐਨਸੀ-ਲਾਵਾਲਿਨ ਕੰਪਨੀ ਉੱਤੇ ਹੋਣ ਵਾਲੀ ਮੁਜਰਮਾਨਾ ਕਾਰਵਾਈ ਨੂੰ ਰੁਕਵਾਇਆ ਗਿਆ।

ਜਗਮੀਤ ਸਿੰਘ ਨੇ ਆਖਿਆ ਕਿ ਉਹ ਵਿਰੋਧੀ ਧਿਰ ਉੱਤੇ ਡਿੱਗੀ ਗਾਜ਼ ਤੋਂ ਬਾਅਦ ਹੱਥ ਉੱਤੇ ਹੱਥ ਰੱਖ ਕੇ ਬੈਠਣ ਵਾਲੇ ਨਹੀਂ ਹਨ। ਪਰ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਭਰੋਸਾ ਹੈ ਕਿ ਵੋਟਰਾਂ ਨਾਲ ਰਾਬਤਾ ਕਾਇਮ ਕਰਨ ਲਈ ਉਨ੍ਹਾਂ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਆਖਿਰਕਾਰ ਰੰਗ ਲਿਆਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਲਿਬਰਲ ਸਰਕਾਰ ਨਾਲ ਜੋ ਕੁੱਝ ਬੀਤ ਰਿਹਾ ਹੈ ਉਸ ਤੋਂ ਵੋਟਰ ਕਾਫੀ ਨਿਰਾਸ਼ ਹਨ। ਕੈਨੇਡੀਅਨ ਉਮੀਦ ਕਰਦੇ ਹਨ ਕਿ ਸਾਡੀ ਸਰਕਾਰ ਸਾਡੇ ਹਿਤ ਵਿੱਚ ਕੰਮ ਕਰੇ। ਪਰ ਇੰਜ ਲੱਗ ਰਿਹਾ ਹੈ ਕਿ ਲਿਬਰਲ ਪਾਰਟੀ ਕਿਸੇ ਬਹੁ ਕਰੋੜੀ ਕਾਰਪੋਰੇਸ਼ਨ ਲਈ ਕੰਮ ਕਰ ਰਹੀ ਹੈ।

ਦੂਜੇ ਪਾਸੇ ਟਰੂਡੋ ਵੱਲੋਂ ਇਸ ਗੱਲ ਤੋਂ ਇਨਕਾਰ ਕੀਤਾ ਗਿਆ ਹੈ ਕਿ ਉਨ੍ਹਾਂ ਜਾਂ ਉਨ੍ਹਾਂ ਦੇ ਆਫਿਸ ਵੱਲੋਂ ਵਿਲਸਨ ਰੇਅਬੋਲਡ ਉੱਤੇ ਇਸ ਮਾਮਲੇ ਵਿੱਚ ਕੋਈ ਦਬਾਅ ਪਾਇਆ ਗਿਆ ਹੈ। ਇਸ ਜ਼ਿਮਨੀ ਚੋਣ ਲਈ ਨਵੇਂ ਲਿਬਰਲ ਉਮੀਦਵਾਰ ਰਿਚਰਡ ਟੀ ਲੀ, ਜਿਨ੍ਹਾਂ ਨੇ ਬਰਨਾਬੀ ਸਾਊਥ ਵਿੱਚ ਵੈਂਗ ਦੀ ਥਾਂ ਲਈ ਹੈ, ਦਾ ਕਹਿਣਾ ਹੈ ਕਿ ਕੁੱਝ ਲੋਕ ਹੀ ਇਸ ਮਾਮਲੇ ਨੂੰ ਉਛਾਲ ਰਹੇ ਹਨ ਜਦਕਿ ਪ੍ਰਧਾਨ ਮੰਤਰੀ ਆਪ ਇਹ ਸਪਸ਼ਟ ਕਰ ਚੁੱਕੇ ਹਨ ਕਿ ਇਸ ਮਾਮਲੇ ਵਿੱਚ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਆਫਿਸ ਦਾ ਕੋਈ ਹੱਥ ਨਹੀਂ ਹੈ।

HSBA TAX SERVICES ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator 647.990.3205

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080 shevindersidhu@gmail.com
10-7003 Steeles Ave. West, Etobicoke

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L4V 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

PUNJAB SINDH FINANCE
TRUCK/TRAILER LOAN & REFINANCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

PATANJALI® Special on Sale

BUY 2 GET 1 FREE
- Aloe Vera Gel
- Herbal Toothpaste
- Any Shampoo
- Any Soap

Aloe Vera Gel | Toothpaste (Dant Kanti) | Hair Cleanser

Buy 1 and get 2nd 50% off
- Tulsi Vati
- Neem Vati

416.356.3987
647.773.7657

$4.99 Whole Wheat Atta

www.patanjalisewakendrabrampton.ca
patanjalibrampton@gmail.com

22-2120 North park Dr. Brampton L6S 0C9 905-790-1118 | 124-1065 Canadian place Mississauga L4W 0C2 905-238-3131 | 503 Ray Lawson Blvd #3 Brampton L6Y 0N2

ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

We Specialize In: 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪਕੜ-ਧਕੜ ਕਸ਼ਮੀਰ ਵੱਲ ਹੋਈ ਜਾਵੇ,
ਲੀਡਰ ਗਏ ਕਈ ਸੁਣੇ ਹਨ ਫੜੇ ਮੀਆਂ।
ਚਾਬੀ ਲਾ ਕੇ ਮਰਵਾਉਣ ਜੋ ਬੱਚਿਆਂ ਨੂੰ,
ਗੱਭਰੂ ਇਨ੍ਹਾਂ ਮਰਵਾਏ ਹਨ ਬੜੇ ਮੀਆਂ।
ਅੱਜ ਆਹ ਕਹਿ ਕੇ ਭਲਕੇ ਆਹ ਆਖਣ,
ਰਹਿਣ ਪੈਂਤੜੇ ਉੱਪਰ ਨਹੀਂ ਖੜੇ ਮੀਆਂ।
ਬਾਹਰ ਹੋਣ ਤਾਂ ਬੜੀ ਇਹ ਐਸ਼ ਕਰਦੇ,
ਕਰਦੇ ਮੌਜ ਆ ਜੇਲ੍ਹ ਵਿੱਚ ਤੜੇ ਮੀਆਂ।
ਦਿੰਦਾ ਛਕਣ ਲਈ ਮਾਲ ਲਾਹੌਰ ਰਹਿੰਦਾ,
ਲਿਹਾਜ ਕੇਂਦਰ ਸਰਕਾਰ ਵੀ ਕਰੇ ਮੀਆਂ।
ਪਿੰਡੀਂ-ਸ਼ਹਿਰੀਂ ਜੋ ਵਿਛੇ ਨੇ ਪਏ ਸੱਥਰ,
ਮਰਵਾਏ ਇਨ੍ਹਾਂ ਦੇ ਮੁੰਡੇ ਆ ਮਰੇ ਮੀਆਂ।

ਤੀਸ ਮਾਰ ਖਾਂ

# ਕੇਜਰੀਵਾਲ ਨੇ ਚੰਡੀਗੜ੍ਹ ਵਿੱਚ ਕਿਰਨ ਖੇਰ ਵੱਲ ਤੀਰ ਦਾਗੇ



ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ ਤੋਂ ਭਾਜਪਾ ਦੀ ਪਾਰਲੀਮੈਂਟ ਮੈਂਬਰ ਕਿਰਨ ਖੇਰ ਉੱਤੇ ਅੱਜ ਏਥੇ ਇੱਕ ਰੈਲੀ ਵਿੱਚ ਵੱਡਾ ਹਮਲਾ ਬੋਲਿਆ ਹੈ। ਐਤਵਾਰ ਨੂੰ ਚੰਡੀਗੜ੍ਹ ਰੈਲੀ ਕਰਨ ਆਏ ਕੇਜਰੀਵਾਲ ਨੇ ਕਿਹਾ ਕਿ ਕਿਰਨ ਖੇਰ ਨੇ ਚੰਡੀਗੜ੍ਹ ਦੀ ਜਨਤਾ ਨਾਲ ਵੱਡਾ ਧੋਖਾ ਕੀਤਾ ਹੈ, ਉਹ ਚੰਡੀਗੜ੍ਹ ਘੱਟ ਅਤੇ ਮੁੰਬਈ ਵੱਧ ਨਜ਼ਰ ਆਉਂਦੀ ਹੈ।

ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਿਰਨ ਖੇਰ ਨੇ ਐੱਮ ਪੀ ਬਣ ਕੇ ਸਿਰਫ ਸਟੇਟਸ ਕਮਾਇਆ ਹੈ, ਪਰ ਚੰਡੀਗੜ੍ਹ ਦੇ ਵਿਕਾਸ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇਸ ਤੋਂ ਵੱਡੀ ਗੱਲ ਕੀ ਹੈ ਕਿ ਜਿਨ੍ਹਾਂ ਲੋਕਾਂ ਨੇ ਕਿਰਨ ਖੇਰ ਨੂੰ ਵੋਟਾਂ ਪਾ ਕੇ ਜਿਤਾਇਆ ਤੇ ਪਾਰਲੀਮੈਂਟ ਮੈਂਬਰ ਬਣਾਇਆ, ਉਹ ਉਨ੍ਹਾਂ ਨੂੰ ਸ਼ਕਲ ਤਕ ਨਹੀਂ ਦਿਖਾਉਂਦੀ ਅਤੇ ਨਰਿੰਦਰ ਮੋਦੀ ਨੂੰ ਵੋਟ ਪਾਉਣ ਦਾ ਵੀ ਜਨਤਾ ਨੂੰ ਕੋਈ ਲਾਭ ਨਹੀਂ ਹੋਇਆ। ਕੇਜਰੀਵਾਲ ਨੇ ਕਿਹਾ ਕਿ ਜੇ ਚੰਡੀਗੜ੍ਹ ਦੀ ਜਨਤਾ ਇਸ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੋਹਨ ਧਵਨ ਨੂੰ ਜਿਤਾਵੇ ਤਾਂ ਉਹ ਦਿੱਲੀ ਵਾਲਾ ਵਿਕਾਸ ਚੰਡੀਗੜ੍ਹ ਵਿਚ ਕਰਵਾ ਕੇ ਵਿਖਾ ਦੇਣਗੇ। ਕੇਜਰੀਵਾਲ ਨੇ ਕਿਹਾ ਕਿ ਹਰਮੋਹਨ ਧਵਨ ਚੰਡੀਗੜ੍ਹ ਰਹਿੰਦੇ ਹਨ ਤੇ ਉਨ੍ਹਾਂ ਨੂੰ ਮੁਸ਼ਕਲ ਦੀ ਘੜੀ ਕਿਸੇ ਸਮੇਂ ਵੀ ਮਿਲਿਆ ਜਾ ਸਕਦਾ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਅਮਿਤ ਸ਼ਾਹ ਦੇ ਸਾਰੇ ਭਾਸ਼ਣ ਵਿੱਚ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਗਾਇਬ

* ਕੈਪਟਨ ਅਮਰਿੰਦਰ ਸਿੰਘ ਉੱਤੇ ਤਿੱਖੀ ਚਾਂਦਮਾਰੀ



ਅੰਮ੍ਰਿਤਸਰ, 24 ਫਰਵਰੀ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਦੀ ਅੰਮ੍ਰਿਤਸਰ ਵਿਚ ਐਤਵਾਰ ਨੂੰ ਪਾਰਟੀ ਵਰਕਰਾਂ ਤੇ ਲੀਡਰਸ਼ਿਪ ਨਾਲ ਕੀਤੀ ਗਈ ਰੈਲੀ ਦੀ ਸਭ ਤੋਂ ਖਾਸ ਗੱਲ ਇਹ ਸੀ ਕਿ ਇਸ ਦੌਰਾਨ ਅਮਿਤ ਸ਼ਾਹ ਨੇ ਸਾਬਕਾ ਅਕਾਲੀ-ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਦੱਸਦੇ ਵਕਤ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖੂਬ ਸੋਹਲੇ ਗਾਏ, ਪਰ ਸਾਰੇ ਭਾਸ਼ਣ ਦੌਰਾਨ ਸੁਖਬੀਰ ਸਿੰਘ ਬਾਦਲ ਦਾ ਨਾਂ ਗਾਇਬ ਰਿਹਾ।

ਵਰਨਣ ਯੋਗ ਹੈ ਕਿ ਅਗਲੇ ਦਿਨੀਂ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਭਾਜਪਾ ਦੀ ਪੰਜਾਬ ਵਿਚ ਇਹ ਦੂਸਰੀ ਰੈਲੀ ਹੈ। ਇਸ ਤੋਂ ਪਹਿਲਾਂ ਗੁਰਦਾਸਪੁਰ ਵਿੱਚ ਰੈਲੀ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣਾਂ ਦਾ ਬਿਗੁਲ ਵਜਾ ਚੁੱਕੇ ਸਨ। ਅੱਜ ਦੀ ਇਹ ਰੈਲੀ ਬੇਸ਼ੱਕ ਸਿਰਫ ਭਾਜਪਾ ਦੀ ਸੀ, ਪਰ ਜਿਵੇਂ ਪਹਿਲਾਂ ਅਕਾਲੀ-ਭਾਜਪਾ ਆਗੂ ਇੱਕ ਦੂਸਰੇ ਦੀ ਰੈਲੀ ਵਿੱਚ ਜਾਂਦੇ ਹੁੰਦੇ ਸਨ, ਇਸ ਵਾਰ ਕੋਈ ਅਕਾਲੀ ਆਗੂ ਇਸ ਵਿੱਚ ਨਹੀਂ ਆਇਆ। ਫਿਰ ਵੀ ਅਮਿਤ ਸ਼ਾਹ ਵਾਰ-ਵਾਰ ਆਪਣੇ ਭਾਸ਼ਣ ਵਿਚ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੀਆਂ ਤਾਰੀਫਾਂ ਕਰਦੇ ਰਹੇ। ਹੈਰਾਨੀ ਦੀ ਗੱਲ ਇਹ ਸੀ ਕਿ ਆਪਣੇ ਸਾਰੇ ਭਾਸ਼ਣ ਵਿਚ ਅਮਿਤ ਸ਼ਾਹ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਇਕ ਵਾਰ ਵੀ ਜ਼ਿਕਰ ਤੱਕ ਨਹੀਂ ਕੀਤਾ।

ਇਸ ਦੌਰਾਨ ਅਮਿਤ ਸ਼ਾਹ ਨੇ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸ਼ਹੀਦ ਜਵਾਨਾਂ ਦਾ ਖੂਨ ਵਿਅਰਥ ਨਹੀਂ ਜਾਵੇਗਾ, ਭਾਰਤੀ ਫੌਜ ਜਲਦੀ ਹੀ ਪਾਕਿਸਤਾਨ ਨੂੰ ਸਬਕ ਸਿਖਾਏਗੀ। ਉਨ੍ਹਾ ਕਿਹਾ ਕਿ ਪੰਜਾਬ ਦੇ ਜਿਹੜੇ ਚਾਰ ਜਵਾਨ ਪੁਲ-ਵਾਮਾ ਦੇ ਹਮਲੇ ਵਿੱਚ ਸ਼ਹੀਦ ਹੋਏ ਹਨ, ਭਾਜਪਾ ਉਨ੍ਹਾਂ ਦੇ ਵਾਰਸਾਂ ਨਾਲ ਖੜੀ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਅਮਿਤ ਸ਼ਾਹ ਨੇ ਆਖਿਆ ਕਿ ਉਸ ਦੀ ਅਗਵਾਈ ਵਾਲੀ ਸਰਕਾਰ ਵਿਕਾਸ ਨੂੰ ਬੰਦ ਕਰਨ ਵਾਲੀ ਨਿਕਲੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਾਡੇ ਤੋਂ ਹਿਸਾਬ ਮੰਗਦੇ ਹਨ, ਪਰ ਉਨ੍ਹਾਂ ਨੇ ਜਨਤਾ ਨਾਲ ਜਿਹੜੇ ਵਾਅਦੇ ਖੁਦ ਕੀਤੇ ਸਨ, ਉਨ੍ਹਾਂ ਦਾ ਕੀ ਹੋਇਆ? ਭਾਜਪਾ ਦੇ ਪ੍ਰਧਾਨ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫੀ ਕਰਨ ਅਤੇ ਘਰ-ਘਰ ਨੌਕਰੀ ਦੇਣ ਸਮੇਤ ਕਈ ਵਾਅਦੇ ਕੀਤੇ, ਪਰ ਸਭ ਅਧੂਰੇ ਰਹਿ ਗਏ। ਅਮਿਤ ਸ਼ਾਹ ਨੇ ਕਿਹਾ ਕਿ ਅਮਰਿੰਦਰ ਸਿੰਘ ਨੇ 90 ਹਜ਼ਾਰ ਕਰੋੜ ਰੁਪਏ ਦਾ ਕਿਸਾਨੀ ਕਰਜ਼ ਮੁਆਫ ਕਰਨ ਦੀ ਥਾਂ ਸਿਰਫ 1800 ਕਰੋੜ ਰੁਪਏ ਮੁਆਫ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿਵੇਂ ਕੈਪਟਨ ਸਰਕਾਰ ਨੇ ਕਰਜ਼ਾ ਮੁਆਫ ਕੀਤਾ ਹੈ, ਇਸ ਦਾ ਕੋਈ ਲਾਭ ਪੰਜਾਬ ਨੂੰ ਨਹੀਂ ਮਿਲੇਗਾ। ਅਮਿਤ ਸ਼ਾਹ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਅਤੇ ਰੋਪੜ ਥਰਮਲ ਪਲਾਂਟ ਬੰਦ ਕਰ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਵੇਲੇ ਕਿਹਾ ਸੀ ਕਿ ਨਸ਼ੇ ਖਤਮ ਕਰ ਦਿਆਂਗਾ, ਪਰ ਉਹ ਨਹੀਂ ਕੀਤੇ। ਘਰ-ਘਰ ਨੌਕਰੀ ਦੇਣ ਦੇ ਵਾਅਦੇ ਉੱਤੇ ਅਮਲ ਨਹੀਂ ਹੋਇਆ, ਠੇਕੇ ਉੱਤੇ ਰੱਖੇ ਮੁਲਾਜ਼ਮ ਪੱਕੇ ਕਰਨ ਨੂੰ ਕਿਹਾ, ਪਰ ਨਹੀਂ ਕੀਤੇ ਅਤੇ ਸਰਕਾਰ ਨੇ 800 ਸਰਕਾਰੀ ਸਕੂਲ ਬੰਦ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਵੀ ਬੰਦ ਕਰ ਦਿੱਤਾ ਤੇ ਆਟਾ ਦਾਲ ਸਕੀਮ, ਸਕੂਲਾਂ ਦੀਆਂ ਵਰਦੀਆਂ, ਸਾਈਕਲ ਸਕੀਮ ਸਭ ਬੰਦ ਕਰ ਦਿੱਤੇ ਹਨ, ਦਲਿਤ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਵੀ ਨਹੀਂ ਦਿੱਤੀ ਜਾ ਰਹੀ। ਉਨ੍ਹਾ ਨੇ ਕਿਹਾ ਕਿ ਅਕਾਲੀ-ਭਾਜਪਾ ਦੀ ਸਰਕਾਰ ਸਮੇਂ ਪੰਜਾਬ ਦਾ ਹਰ ਵਾਰੀ ਵਿਕਾਸ ਹੋਇਆ ਹੈ ਤੇ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਵੀ ਹਮੇਸ਼ਾ ਪੰਜਾਬ ਦੇ ਵਿਕਾਸ ਲਈ ਸਭ ਤੋਂ ਵੱਧ ਯੋਗਦਾਨ ਦੇਂਦੀ ਰਹੀ ਹੈ।

ਦਿੱਲੀ ਦੇ ਸਿੱਖ ਕਤਲੇਆਮ ਬਾਰੇ ਅਮਿਤ ਸ਼ਾਹ ਨੇ ਕਿਹਾ ਕਿ ਭਾਜਪਾ ਸਰਕਾਰ ਬਣੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1984 ਦੇ ਕਤਲਾਂ ਦੀ ਜਾਂਚ ਲਈ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਬਣਾ ਕੇ ਜਾਂਚ ਕਰਵਾਈ ਤੇ ਪੀੜਤਾਂ ਨੂੰ 5-5 ਲੱਖ ਰੁਪਏ ਦੇਣ ਦਾ ਕੰਮ ਵੀ ਕੀਤਾ। ਉਨਾਂ ਨੇ ਕਿਹਾ ਕਿ ਮੋਦੀ ਵੱਲੋਂ ਐੱਸ ਆਈ ਟੀ ਬਣਾਉਣ ਕਾਰਨ ਅੱਜ ਸੱਜਣ ਕੁਮਾਰ ਜੇਲ੍ਹ ਵਿੱਚ ਬੈਠਾ ਹੋਇਆ ਚੱਕੀ ਪੀਸ ਰਿਹਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact:
416.910.5676
www.shergilllawfirm.ca
2565 Steeles Ave E Unit #20,
Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਪਾਕਿਸਤਾਨ ਨੇ ਹਿੰਦੂ ਐੱਮ ਪੀ ਦੇ ਰਾਹੀਂ ਭਾਰਤ ਸਰਕਾਰ ਦੇ ਨਾਲ ਅਸਿੱਧਾ ਸੰਪਰਕ ਛੋਹਿਆ

## * ਇਮਰਾਨ ਸਰਕਾਰ ਨੂੰ ਤਿੰਨ ਸਾਬਕਾ ਵਿਦੇਸ਼ ਸਕੱਤਰਾਂ ਦੀ ਚੇਤਾਵਨੀ



ਲਾਹੌਰ, 24 ਫਰਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕੇ ਇਨਸਾਫ ਪਾਰਟੀ ਦੇ ਇੱਕ ਕੌਮੀ ਅਸੈਂਬਲੀ ਮੈਂਬਰ ਨੇ ਬੀਤੇ ਹਫਤੇ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਕਈ ਸੀਨੀਅਰ ਭਾਰਤੀ ਆਗੂਆਂ ਨਾਲ ਮੁਲਾਕਾਤ ਕੀਤੀ ਹੈ। ਸਮਝਿਆ ਜਾਂਦਾ ਹੈ ਕਿ ਪੁਲਵਾਮਾ ਹਮਲੇ ਪਿੱਛੋਂ ਦੋਵਾਂ ਦੇਸ਼ਾਂ ਵਿੱਚ ਤਣਾਅ ਘੱਟ ਕਰਨ ਲਈ ਭਾਰਤ ਨਾਲ ਪਾਕਿਸਤਾਨ ਨੇ ਅਸਿੱਧਾ ਸੰਪਰਕ ਕੀਤਾ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਐਕਸਪ੍ਰੈੱਸ ਟ੍ਰਿਬਿਊਨ ਨੇ ਖਬਰ ਦਿੱਤੀ ਹੈ ਕਿ ਪਾਕਿਸਤਾਨ ਸਰਕਾਰ ਨੇ ਭਾਰਤ ਨਾਲ ਅਸਿੱਧਾ ਸੰਪਰਕ ਸ਼ੁਰੂ ਕੀਤਾ ਹੈ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਕੌਮੀ ਅਸੈਂਬਲੀ ਮੈਂਬਰ ਰਮੇਸ਼ ਕੁਮਾਰ ਵੰਕਵਾਨੀ, ਜਿਹੜੇ ਪਿਛਲੇ ਹਫਤੇ ਭਾਰਤ ਵਿੱਚ ਸਨ, ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕੀਤੀ ਹੈ। ਵੰਕਵਾਨੀ ਨੇ ਸ਼ਨੀਵਾਰ ਨੂੰ ਫੋਨ ਉੱਤੇ ਅਖਬਾਰ ਨੂੰ ਦੱਸਿਆ ਕਿ ਮੈਂ ਭਾਰਤੀ ਨੇਤਾਵਾਂ ਨੂੰ ਹਾਂ-ਪੱਖੀ ਸੰਦੇਸ਼ ਦਿੱਤਾ ਹੈ ਤੇ ਆਸ ਹੈ ਕਿ ਉਨ੍ਹਾਂ ਦਾ ਵਿਹਾਰ ਬਦਲੇਗਾ। ਵੰਕਵਾਨੀ ਨੇ ਭਾਰਤ ਦੇ ਵਿਦੇਸ਼ ਰਾਜ ਮੰਤਰੀ ਜਨਰਲ ਵੀ ਕੇ ਸਿੰਘ ਨਾਲ ਵੀ ਮੁਲਾਕਾਤ ਕੀਤੀ, ਜਿਹੜੇ ਭਾਰਤੀ ਫੌਜ ਦੇ ਕਮਾਂਡਰ ਰਹਿ ਚੁੱਕੇ ਹਨ।

ਪਾਕਿਸਤਾਨ ਦੇ ਸੂਬਾ ਸਿੰਧ ਦੇ ਪੀ ਟੀ ਆਈ ਨੇਤਾ ਰਮੇਸ਼ ਕੁਮਾਰ ਵੰਕਵਾਨੀ ਘੱਟ ਗਿਣਤੀ ਵਾਲੀ ਸੀਟ ਤੋਂ ਕੌਮੀ ਅਸੈਂਬਲੀ ਦੇ ਮੈਂਬਰ ਹਨ। ਉਹ 185 ਦੇਸ਼ਾਂ ਦੇ 220 ਮੈਂਬਰੀ ਵਫਦ ਦੇ ਹਿੱਸੇ ਵਜੋਂ ਭਾਰਤ ਆਏ ਸਨ ਅਤੇ ਇਹ ਵਫਦ ਭਾਰਤ ਦੇ ਸੱਦੇ ਉੱਤੇ ਕੁੰਭ ਮੇਲੇ ਵਿੱਚ ਹਿੱਸਾ ਲੈਣ ਆਇਆ ਸੀ। ਉਨ੍ਹਾਂ ਦੀ ਭਾਰਤ ਯਾਤਰਾ 14 ਫਰਵਰੀ ਨੂੰ ਸੀ ਆਰ ਪੀ ਐੱਫ ਦੇ ਕਾਫਿਲੇ ਉੱਤੇ ਜੈਸ਼-ਏ-ਮੁਹੰਮਦ ਦੇ ਫਿਦਾਇਨ ਹਮਲੇ ਕਾਰਨ ਦੋਵਾਂ ਦੇਸ਼ਾਂ ਵਿੱਚ ਪੈਦਾ ਹੋਏ ਤਣਾਅ ਦੇ ਦੌਰਾਨ ਹੋਈ ਸੀ। ਜੰਮੂ ਕਸ਼ਮੀਰ ਦੇ ਪੁਲਵਾਮਾ ਹਮਲੇ 'ਚ ਇਸ ਫੋਰਸ ਦੇ 40 ਜਵਾਨ ਮਾਰੇ ਗਏ ਸਨ। ਮੀਡੀਆ ਮੁਤਾਬਕ ਰਮੇਸ਼ ਕੁਮਾਰ ਵੰਕਵਾਨੀ ਨੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਆਖਿਆ ਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਪਠਾਣ ਹਨ ਤੇ ਉਨ੍ਹਾਂ ਨੇ ਜੋ ਕੁਝ ਵੀ ਕਿਹਾ, ਉਹ ਕਰਨਗੇ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਹਮਲੇ 'ਚ ਕਿਸੇ ਪਾਕਿਸਤਾਨੀ ਅਦਾਰੇ ਦਾ ਹੱਥ ਨਹੀਂ ਹੈ, ਪਰ ਭਾਰਤ ਕਿਸੇ ਤਰ੍ਹਾਂ ਦਾ ਸਬੂਤ ਦੇਵੇ ਤਾਂ ਯਕੀਨਨ ਉਸ ਮੁਤਾਬਕ ਜਾਂਚ ਕਰਵਾਈ ਜਾਵੇਗੀ। ਵੰਕਵਾਨੀ ਨੇ ਸੁਸ਼ਮਾ ਸਵਰਾਜ ਨੂੰ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਬੀਤੇ ਤੋਂ ਸਬਕ ਸਿੱਖਣਾ ਚਾਹੀਦਾ ਹੈ, ਦੁਸ਼ਮਣ ਨਾਲ ਦੋਸਤੀ ਕਰ ਕੇ ਹੀ ਦੁਸ਼ਮਣੀ ਖ਼ਤਮ ਕੀਤੀ ਜਾ ਸਕਦੀ ਹੈ।

ਦੂਸਰੇ ਪਾਸੇ ਪਾਕਿਸਤਾਨ ਦੇ ਤਿੰਨ ਸਾਬਕਾ ਵਿਦੇਸ਼ ਸਕੱਤਰਾਂ ਨੇ ਭਾਰਤ-ਪਾਕਿ ਤਣਾਅ ਨੂੰ ਦੇਖਦੇ ਹੋਏ ਇਮਰਾਨ ਖਾਨ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਦੀ ਕਿਸੇ ਹਮਲਾਵਰ ਕਾਰਵਾਈ ਨਾਲ ਨਜਿੱਠਣ ਦੀ ਤਿਆਰੀ ਰੱਖਣ, ਪਰ ਸੰਕਟ ਨੂੰ ਪੁਰ-ਅਮਨ ਨਜਿੱਠਣ ਲਈ ਕੂਟਨੀਤੀ ਦੀ ਮਦਦ ਲੈਣ। ਵਰਨਣ ਯੋਗ ਹੈ ਕਿ ਪੁਲਵਾਮਾ ਅੱਤਵਾਦੀ ਹਮਲੇ ਦੀ ਘਟਨਾ ਮਗਰੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਸੁਰੱਖਿਆ ਫੋਰਸਾਂ ਨੂੰ ਇਸ ਦਾ ਬਦਲਾ ਲੈਣ ਲਈ ਖੁਲ੍ਹੀ ਛੋਟ ਦੇ ਦਿੱਤੀ ਹੈ। ਡਾਨ ਅਖਬਾਰ ਵਿੱਚ ਛਪੇ ਸਾਂਝੇ ਲੇਖ ਵਿੱਚ ਤਿੰਨ ਸਾਬਕਾ ਵਿਦੇਸ਼ ਸਕੱਤਰਾਂ ਰਿਆਜ਼ ਹੁਸੈਨ ਖੋਖਰ, ਰਿਆਜ਼ ਮੁਹੰਮਦ ਖਾਨ ਅਤੇ ਇਨਾਮੁਲ ਹੱਕ ਨੇ ਦੋਵਾਂ ਦੇਸ਼ਾਂ ਦੇ ਮੀਡੀਆ, ਰਾਜਸੀ ਲੀਡਰਸ਼ਿਪ, ਖੁਫੀਆ ਸੰਸਥਾਨਾਂ ਤੇ ਲੋਕਾਂ ਦੀ ਰਾਏ ਬਣਾਉਣ ਵਾਲੀਆਂ ਧਿਰਾਂ ਨੂੰ ਇੱਕ ਅਪੀਲ ਕੀਤੀ ਹੈ ਕਿ ਉਹ ਤਣਾਅ ਵਾਲੇ ਵਾਤਾਵਰਨ ਵਿੱਚ ਸੰਤੁਲਨ ਬਣਾਉਣ ਦੇ ਯਤਨ ਕਰਨ ਅਤੇ ਕੁਝ ਸੰਜਮ ਵਰਨਣ ਦੀ ਜ਼ਿੰਮੇਦਾਰੀ ਦਿਖਾਉਣ।

# ਬੰਗਲਾ ਦੇਸ਼ ਵਿੱਚ ਜਹਾਜ਼ ਅਗਵਾ ਕਰਨ ਦੀ ਕੋਸ਼ਿਸ਼ ਫੇਲ੍ਹ



ਢਾਕਾ, 24 ਫਰਵਰੀ, (ਪੋਸਟ ਬਿਊਰੋ)- ਬੰਗਲਾ ਦੇਸ਼ ਵਿਚ ਅੱਜ ਇੱਕ ਹਵਾਈ ਜਹਾਜ਼ ਨੂੰ ਅਗਵਾ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ ਅਤੇ ਬੰਦੂਕਬਾਜ਼ ਨੂੰ ਕਮਾਂਡੋ ਨੇ ਗੋਲੀ ਮਾਰ ਕੇ ਮਾਰ ਦਿੱਤਾ।

ਅਗਵਾ ਦੀ ਇਸ ਕੋਸ਼ਿਸ਼ ਪਿੱਛੋਂ ਜਹਾਜ਼ ਦੀ ਚਟਗਾਉਂ ਦੇ ਸ਼ਾਹ ਅਮਾਨਤ ਕੌਮਾਂਤਰੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਬੰਗਲਾ ਦੇਸ਼ ਏਅਰਲਾਈਨਜ਼ ਦਾ ਇਹ ਜਹਾਜ਼ ਢਾਕਾ ਤੋਂ ਦੁਬਈ ਜਾ ਰਿਹਾ ਸੀ। ਅਗਵਾ ਕਰਨ ਦੀ ਇਸ ਕੋਸ਼ਿਸ਼ ਦੌਰਾਨ ਇਕ ਵਿਅਕਤੀ ਨੇ ਬੰਦੂਕ ਦੇ ਨਾਲ ਜਹਾਜ਼ ਦੇ ਕਾਕਪਿਟ ਵਿਚ ਜਾਣ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਪ੍ਰਤੱਖ ਦਰਸ਼ੀਆਂ ਅਤੇ ਹਵਾਈ ਅੱਡਾ ਅਧਿਕਾਰੀਆਂ ਮੁਤਾਬਕ ਇਹ ਜਹਾਜ਼ ਦੁਬਈ ਤੋਂ ਚਟਗਾਉਂ ਹੁੰਦੇ ਹੋਏ ਢਾਕਾ ਜਾ ਰਿਹਾ ਸੀ। ਐਤਵਾਰ ਸ਼ਾਮ ਕਰੀਬ 5-40 ਵਜੇ ਉਸ ਨੂੰ ਚਟਗਾਉਂ ਹਵਾਈ ਅੱਡੇ 'ਤੇ ਉਤਾਰਿਆ ਗਿਆ। ਇਸ ਜਹਾਜ਼ ਵਿਚ 145 ਮੁਸਾਫਰ ਸਨ। ਮਿਲੀ ਰਿਪੋਰਟ ਮੁਤਾਬਕ ਇਕ ਬੰਦੂਕਧਾਰੀ ਨੇ ਕਾਕਪਿਟ ਵਿਚ ਵੜਨ ਅਤੇ ਕਮਾਨ ਸੰਭਾਲਣ ਦੀ ਕੋਸ਼ਿਸ਼ ਕੀਤੀ ਤਾਂ ਜਹਾਜ਼ ਦੀ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਮੀਡੀਆ ਰਿਪੋਰਟ ਮੁਤਾਬਕ ਸਾਰੇ ਮੁਸਾਫਰਾਂ ਨੂੰ ਜਹਾਜ਼ ਤੋਂ ਸੁਰੱਖਿਅਤ ਉਤਾਰ ਕੇ ਪੁਲਸ ਤੇ ਰੈਪਿਡ ਐਕਸ਼ਨ ਬਟਾਲੀਅਨ ਨੇ ਰੰਨਵੇਅ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ। ਦੱਸਿਆ ਗਿਆ ਹੈ ਕਿ ਜਹਾਜ਼ ਵਿੱਚ ਗੋਲੀ ਚੱਲਣ ਦੀ ਘਟਨਾ ਵੀ ਵਾਪਰੀ ਹੈ, ਜਿਸ ਵਿਚ ਬੰਦੂਕਧਾਰੀ ਮਾਰਿਆ ਗਿਆ, ਪਰ ਬੰਗਲਾ ਦੇਸ਼ ਦੇ ਏਅਰ ਵਾਈਸ ਮਾਰਸ਼ਲ ਅਬਦੁਲ ਮਤੀਨ ਨੇ ਕਿਹਾ ਕਿ ਇਕਲੌਤਾ ਅਗਵਾਕਾਰ ਸੀ, ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਅਬਦੁਲ ਮਤੀਨ ਨੇ ਦੋਸ਼ੀ ਦੀ ਪਛਾਣ ਨਹੀਂ ਦੱਸੀ, ਪਰ ਦੱਸਿਆ ਜਾ ਰਿਹਾ ਹੈ ਕਿ ਉਹ ਵਿਦੇਸ਼ੀ ਨਾਗਰਿਕ ਹੈ ਅਤੇ ਉਸ ਕੋਲ ਇਕ ਬੰਦੂਕ ਸੀ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਕਿਸਾਨਾਂ ਲਈ ਮਾਇਕ ਮਦਦ ਯੋਜਨਾ ਸ਼ੁਰੂ

## * ਸਵਾ ਕਰੋੜ ਕਿਸਾਨਾਂ ਦੇ ਖਾਤੇ ਵਿਚ ਦੋ-ਦੋ ਹਜ਼ਾਰ ਦੀ ਪਹਿਲੀ ਕਿਸ਼ਤ ਪਹੁੰਚੀ




ਗੋਰਖਪੁਰ, 24 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਉੱਤਰ ਪ੍ਰਦੇਸ਼ ਦੇ ਦੌਰੇ ਦੌਰਾਨ ਗੋਰਖਪੁਰ ਵਿਚ 75000 ਕਰੋੜ ਰੁਪਏ ਦੀ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀ ਐੱਮ-ਕਿਸਾਨ) ਯੋਜਨਾ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨੇ ਇਕ ਕਰੋੜ ਤੋਂ ਵੱਧ ਕਿਸਾਨਾਂ ਦੇ ਬੈਂਕ ਖਾਤੇ ਵਿਚ ਦੋ-ਦੋ ਹਜ਼ਾਰ ਰੁਪਏ ਦੀ ਪਹਿਲੀ ਕਿਸ਼ਤ ਵੀ ਬਟਨ ਦੱਬ ਕੇ ਟਰਾਂਸਫਰ ਕਰ ਦਿੱਤੀ ਹੈ।

ਨਵੀਂ ਸਕੀਮ ਸ਼ੁਰੂ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ਇਹ ਸ਼ੁਰੂਆਤ ਹੈ, ਇਸ ਹੇਠ ਹਰ ਸਾਲ ਕਰੀਬ 75 ਹਜ਼ਾਰ ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੇ ਜਾਣਗੇ। ਉਨ੍ਹਾਂ ਕਿਹਾ ਕਿ ਦੇਸ਼ ਦੇ 5 ਏਕੜ ਜਾਂ ਉਸ ਤੋਂ ਘੱਟ ਜ਼ਮੀਨ ਵਾਲੇ 12 ਕਰੋੜ ਛੋਟੇ ਕਿਸਾਨਾਂ ਨੂੰ ਇਸ ਦਾ ਲਾਭ ਮਿਲੇਗਾ। ਇਸ ਤੋਂ ਇਲਾਵਾ 10 ਲੱਖ ਸੋਲਰ ਪੰਪਾਂ ਨੂੰ ਬਿਜਲੀ ਗਰਿੱਡ ਨਾਲ ਜੋੜਨ ਵਿਚ ਕਿਸਾਨਾਂ ਦੀ ਮਦਦ ਕੀਤੀ ਜਾਵੇਗੀ, ਜਿਸ ਨਾਲ ਉਹ ਸਿੰਜਾਈ ਮੁਫ਼ਤ ਕਰਨਗੇ ਅਤੇ ਬਚਦੀ ਬਿਜਲੀ ਵੇਚ ਲੈਣਗੇ। ਇਸ ਨਾਲ ਕਿਸਾਨਾਂ ਨੂੰ 17 ਲੱਖ ਤੋਂ ਵੱਧ ਸੋਲਰ ਪੰਪ ਲਾਉਣ ਦੀ ਮਦਦ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਚੋਣਾਂ ਤੋਂ ਪਹਿਲਾਂ ਵੱਡੀਆਂ ਗੱਲਾਂ ਕਰਦੀ ਹੈ, ਸਾਲ 2008 ਵਿਚ ਬੈਂਕਾਂ ਦਾ ਕਿਸਾਨਾਂ ਉੱਤੇ 7 ਲੱਖ ਕਰੋੜ ਰੁਪਏ ਕਰਜ਼ਾ ਸੀ, ਜਿਸ ਵਿੱਚੋਂ ਸਿਰਫ਼ 52 ਹਜ਼ਾਰ ਕਰੋੜ ਮੁਆਫ ਮਾਫ਼ ਕੀਤਾ ਸੀ, ਇਸ ਲਈ ਝੂਠੀਆਂ ਗੱਲਾਂ ਕਰਨ ਵਾਲਿਆਂ 'ਤੇ ਕਿਸਾਨ ਭਰੋਸਾ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਉਹ ਦਿਨ ਗਏ ਜਦੋਂ ਸਰਕਾਰ 100 ਪੈਸੇ ਭੇਜਦੀ ਸੀ ਤਾਂ ਵਿੱਚੋਂ 85 ਪੈਸੇ ਦਲਾਲ ਅਤੇ ਵਿਚੋਲੇ ਖਾ ਜਾਂਦੇ ਸੀ।

# ਕਸ਼ਮੀਰ ਦੇ ਕੁਲਗਾਮ ਵਿੱਚ ਮੁਕਾਬਲਾ, ਡੀ ਐੱਸ ਪੀ ਦੀ ਮੌਤ



ਸ੍ਰੀਨਗਰ, 24 ਫਰਵਰੀ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਕੁਲਗਾਮ ਵਿਚ ਸੁਰੱਖਿਆ ਫੋਰਸਾਂ ਅਤੇ ਅੱਤਵਾਦੀਆਂ ਦੇ ਭੇੜ ਵਿਚ ਡੀ ਐੱਸ ਪੀ ਅਮਨ ਠਾਕੁਰ ਮਾਰੇ ਗਏ ਅਤੇ ਇਕ ਅਧਿਕਾਰੀ ਗੰਭੀਰ ਜ਼ਖਮੀ ਹੋ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਸੁਰੱਖਿਆ ਫੋਰਸ ਦੇ ਜਵਾਨਾਂ ਨੇ 3 ਅੱਤਵਾਦੀਆਂ ਨੂੰ ਮਾਰ ਦਿੱਤਾ ਹੈ, ਪਰ ਹਾਲੇ ਇੱਕੋ ਅੱਤਵਾਦੀ ਦੀ ਲਾਸ਼ ਮਿਲੀ ਹੈ। ਸਾਲ 2011 ਬੈਚ ਦੇ ਅਫਸਰ ਅਮਨ ਠਾਕੁਰ ਪਿਛਲੇ ਡੇਢ ਸਾਲ ਤੋਂ ਜੰਮੂ-ਕਸ਼ਮੀਰ ਦੀ ਅੱਤਵਾਦ ਰੋਕੂ ਸ਼ਾਖਾ ਵਿਚ ਸਨ। ਅਧਿਕਾਰੀਆਂ ਮੁਤਾਬਕ ਅੱਤਵਾਦੀਆਂ ਬਾਰੇ ਖੁਫੀਆ ਸੂਹ ਉੱਤੇ ਰਾਸ਼ਟਰੀ ਰਾਈਫਲਜ਼, ਸੀ ਆਰ ਪੀ ਐੱਫ ਅਤੇ ਪੁਲਸ ਦੇ ਵਿਸ਼ੇਸ਼ ਦਸਤੇ ਨੇ ਜ਼ਿਲੇ ਦੇ ਤੁਰੀਗਾਮ ਵਿਚ ਦੁਪਹਿਰ ਵੇਲੇ ਸਾਂਝੀ ਮੁਹਿੰਮ ਸ਼ੁਰੂ ਕੀਤੀ ਸੀ। ਸੁਰੱਖਿਆ ਫੋਰਸ ਦੇ ਜਵਾਨ ਜਦੋਂ ਇਕ ਇਲਾਕੇ ਵੱਲ ਵਧ ਰਹੇ ਸਨ ਤਾਂ ਓਥੇ ਲੁਕੇ ਅੱਤਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬ ਵਿਚ ਜਵਾਨਾਂ ਨੇ ਵੀ ਗੋਲੀਆਂ ਚਲਾਈਆਂ। ਮੁਕਾਬਲੇ ਦੌਰਾਨ ਡੀ ਐੱਸ ਪੀ ਅਮਨ ਦੀ ਮੌਤ ਹੋ ਗਈ। ਵਰਨਣ ਯੋਗ ਹੈ ਕਿ ਪੁਲਵਾਮਾ ਵਿਚ ਸੀ ਆਰ ਪੀ ਐੱਫ ਕਾਫਲੇ ਉੱਤੇ ਅੱਤਵਾਦੀ ਹਮਲੇ ਪਿੱਛੋਂ ਸੁਰੱਖਿਆ ਫੋਰਸ ਦੇ ਜਵਾਨਾਂ ਨੇ ਕਸ਼ਮੀਰ ਘਾਟੀ ਵਿਚ ਅੱਤਵਾਦੀਆਂ ਵਿਰੁੱਧ ਆਪਰੇਸ਼ਨ ਹੋਰ ਤੇਜ਼ ਕਰ ਦਿੱਤਾ ਹੈ। ਬੀਤੇ ਦਿਨੀਂ ਸੁਰੱਖਿਆ ਫੋਰਸ ਨੇ ਜੈਸ਼-ਏ-ਮੁਹੰਮਦ ਦੇ ਖਤਰਨਾਕ ਅੱਤਵਾਦੀ ਰਾਸ਼ਿਦ ਗਾਜ਼ੀ ਉਰਫ ਕਾਮਰਾਨ ਨੂੰ ਵੀ ਮਾਰ ਦਿੱਤਾ ਸੀ। ਅੱਤਵਾਦੀ ਗਾਜ਼ੀ 14 ਫਰਵਰੀ ਨੂੰ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਦਾ ਮਾਸਟਰ ਮਾਈਂਡ ਸੀ।

## ਵਿਦਿਆਰਥੀਆਂ ਨੇ ਸੂਰਜੀ ਰੋਸ਼ਨੀ ਨਾਲ ਮੋਬਾਈਲ ਚਾਰਜ ਕਰਨ ਦਾ ਜੰਤਰ ਬਣਾਇਆ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਸਿਟੀ ਇੰਸਟੀਚਿਊਟ ਆਫ ਇੰਜੀਨੀਅਰਿੰਗ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਡਿਪਾਰਟਮੈਂਟ ਆਫ ਇਲੈਕਟ੍ਰੀਕਲ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ ਵਿਭਾਗ ਦੇ ਪੰਜ ਵਿਦਿਆਰਥੀਆਂ ਦੀ ਟੀਮ ਨੇ ਇੱਕ ਅਜਿਹਾ ਮੋਬਾਈਲ ਅਤੇ ਲੈਪਟਾਪ ਚਾਰਜਰ ਬਣਾਇਆ ਹੈ, ਜੋ ਸੂਰਜੀ ਊਰਜਾ ਨਾਲ ਚੱਲਦਾ ਹੈ। ਐਸੋਸੀਏਟ ਪ੍ਰੋਫੈਸਰ ਹਰਜੀਤ ਪਾਲ ਸਿੰਘ ਦੇ ਮਾਰਗ ਦਰਸ਼ਨ ਵਿੱਚ ਅਜੈ ਕੁਮਾਰ, ਚੰਦਨ ਕੁਮਾਰ ਝਾਅ, ਅੰਕੁਸ਼, ਗੁਰਸੇਵਕ ਸਿੰਘ ਤੇ ਗਿਆਨ ਸਿੰਘ ਨੇ ਇਹ ਪ੍ਰੋਟੋਟਾਈਪ ਬਣਾਇਆ ਹੈ। ਇਸ ਦੇ ਸਫਲ ਪ੍ਰੀਖਣ ਪਿੱਛੋਂ ਵਿਦਿਆਰਥੀਆਂ ਨੇ ਦੂਸਰੇ ਵਿਦਿਆਰਥੀਆਂ ਲਈ ਮੁਫਤ ਵਿੱਚ ਮੋਬਾਈਲ ਅਤੇ ਲੈਪਟਾਪ ਨੂੰ ਚਾਰਜ ਕਰਨ ਦੇ ਪ੍ਰੋਟੋਟਾਈਪ ਨੂੰ ਕੈਂਪਸ ਵਿੱਚ ਲਾਇਆ। ਇਹ ਚਾਰਜ ਪੂਰੀ ਤਰ੍ਹਾਂ ਸੂਰਜੀ ਊਰਜਾ ਨਾਲ ਚੱਲਦਾ ਹੈ। ਅਜੈ ਕੁਮਾਰ ਨੇ ਕਿਹਾ ਕਿ ਜਿਨ੍ਹਾਂ ਇਲਾਕਿਆਂ ਵਿੱਚ ਬਿਜਲੀ ਦੀ ਸੁਵਿਧਾ ਨਹੀਂ ਹੈ, ਉਨ੍ਹਾਂ ਲੋਕਾਂ ਦੀ ਇਹ ਸਮੱਸਿਆ ਹੱਲ ਕਰਨ ਲਈ ਪ੍ਰੋਟੋਟਾਈਪ ਬਣਾਇਆ ਗਿਆ। ਇਸ ਨਾਲ ਇੱਕੋ ਸਮੇਂ ਦੋ ਮੋਬਾਈਲ ਫੋਨ ਤੇ ਦੋ ਲੈਪਟਾਪ ਚਾਰਜ ਕੀਤੇ ਜਾ ਸਕਦੇ ਹਨ। ਇਸ ਦੀ ਖਾਸ ਗੱਲ ਇਹ ਹੈ ਕਿ ਜਦ ਇਸ ਵਿੱਚ ਕੋਈ ਖਰਾਬੀ ਆਏਗੀ, ਇਸ ਦੀ ਸੂਚਨਾ ਸੈਂਸਰ ਦੇ ਰਾਹੀਂ ਡਿਵੈਲਪਰਜ਼ ਤੱਕ ਪਹੁੰਚ ਜਾਏਗੀ।










# ਸੱਚਖੰਡ ਹਜ਼ੂਰ ਸਾਹਿਬ ਦਾ ਬੋਰਡ ਮੈਂਬਰ ਰਜਿੰਦਰ ਸਿੰਘ ਪੁਜਾਰੀ ਤਨਖਾਹੀਆ ਕਰਾਰ

ਅੰਮ੍ਰਿਤਸਰ, 24 ਫਰਵਰੀ, (ਪੋਸਟ ਬਿਊਰੋ)- ਸਿੱਖਾਂ ਦੇ ਪ੍ਰਮੁੱਖ ਤਖਤ ਹਜ਼ੂਰ ਸਾਹਿਬ, ਨੰਦੇੜ ਦੇ ਗੁਰਦੁਆਰਾ ਸੱਚਖੰਡ ਬੋਰਡ ਦੇ ਸੀਨੀਅਰ ਮੈਂਬਰ ਰਜਿੰਦਰ ਸਿੰਘ ਪੁਜਾਰੀ ਨੂੰ 5 ਪਿਆਰਿਆਂ ਨੇ ਤਨਖਾਹੀਆ ਕਰਾਰ ਦੇ ਕੇ ਸਾਰੇ ਤਖਤਾਂ ਉੱਤੇ 5-5 ਦਿਨ ਸੇਵਾ ਕਰਨ ਦੀ ਧਾਰਮਿਕ ਸਜ਼ਾ ਲਾਈ ਹੈ।

ਇਸ ਬਾਰੇ ਮਿਲੀ ਜਾਣਕਾਰੀ ਅਨੁਸਾਰ ਪੁਲਵਾਮਾ ਹਮਲੇ ਵਿੱਚ ਮਾਰੇ ਗਏ ਜਵਾਨਾਂ ਦੀ ਯਾਦ ਵਿੱਚ ਤਖਤ ਸਾਹਿਬ ਵਿਖੇ ਅਖੰਡ ਪਾਠ ਰੱਖੇ ਗਏ ਤਾਂ ਭੋਗ ਪਿੱਛੋਂ ਸ਼ਬਦ ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਬੋਰਡ ਮੈਂਬਰ ਰਜਿੰਦਰ ਸਿੰਘ ਪੁਜਾਰੀ ਨੇ ਰੌਲਾ ਪਾ ਕੇ ਤਖਤ ਸਾਹਿਬ ਦੀ ਮਰਿਆਦਾ ਭੰਗ ਕੀਤੀ ਸੀ। ਇਸ ਬਾਰੇ ਵਿੱਚ ਤਖਤ ਸੱਚਖੰਡ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ ਤੇ ਪੰਜ ਪਿਆਰਿਆਂ ਦੀ ਬੈਠਕ ਵਿਚ ਪਿਛਲੇ ਦਿਨੀਂ ਵਿਚਾਰ ਕੀਤੀ ਗਈ ਸੀ ਅਤੇ ਪੰਜ ਪਿਆਰਿਆਂ ਦੀ ਬੈਠਕ ਵਿੱਚ ਬੋਰਡ ਦੇ ਮੈਂਬਰ ਰਜਿੰਦਰ ਸਿੰਘ ਪੁਜਾਰੀ ਨੂੰ ਤਖਤ ਸਾਹਿਬ ਦੀ ਮਰਿਆਦਾ ਭੰਗ ਕਰਨ ਦਾ ਦੋਸ਼ੀ ਮੰਨ ਕੇ ਉਨ੍ਹਾਂ ਤੋਂ ਚੌਟੰਗੇ (ਬੱਕਰੇ) ਝਟਕਾਉਣ ਦੀ ਸੇਵਾ ਵਾਪਸ ਲੈ ਕੇ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਤੇ ਉਨ੍ਹਾਂ ਨੂੰ ਧਾਰਮਿਕ ਸਜ਼ਾ ਲਾ ਕੇ ਸਿੱਖ ਪੰਥ ਦੇ ਪੰਜਾਂ ਤਖਤਾਂ ਉੱਤੇ 5-5 ਦਿਨ ਜੂਠੇ ਬਰਤਨਾਂ ਤੇ ਜੋੜਿਆਂ ਦੀ ਸੇਵਾ ਕਰਨ ਦੀ ਸਜ਼ਾ ਸੁਣਾਈ ਗਈ। ਸਜ਼ਾ ਪੂਰੀ ਹੋਣ ਉੱਤੇ ਉਨ੍ਹਾਂ ਲਈ ਮੁਆਫੀ ਦੀ ਅਰਦਾਸ ਕੀਤੀ ਜਾਵੇਗੀ।

# 31 ਹਜ਼ਾਰ ਕਰੋੜ ਰੁਪਏ ਦੇ ਕੇਸ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੇ ਪੱਲਾ ਝਾੜਿਆ

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੀ ਆਖਰੀ ਤਿਮਾਹੀ ਵੇਲੇ ਕੇਂਦਰ ਸਰਕਾਰ ਤੋਂ ਮਿਲੇ ਅਤੇ ਖੁਰਦ-ਬੁਰਦ ਕਰ ਦਿੱਤੇ ਗਏ 31 ਹਜ਼ਾਰ ਕਰੋੜ ਰੁਪਏ ਦੇ ਫੂਡਗਰੇਨ ਏਜੰਸੀਆਂ ਦੇ ਕਰਜ਼ੇ ਨੂੰ ਸਰਕਾਰ ਵੱਲੋ ਆਪਣੇ ਸਿਰ ਲੈਣ ਬਾਰੇ ਅੱਜ ਤੱਕ ਅਕਾਲੀ ਦਲ ਨੂੰ ਘੇਰ ਰਹੀ ਕਾਂਗਰਸ ਦੇ ਦੋਸ਼ਾਂ ਤੋਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪੂਰੀ ਤਰ੍ਹਾਂ ਨਾਲ ਆਪਣਾ ਪੱਲਾ ਝਾੜ ਲਿਆ ਹੈ।

ਅੱਜ ਸ਼ੁੱਕਰਵਾਰ ਨੂੰ ਪਰਮਿੰਦਰ ਸਿੰਘ ਢੀਂਡਸਾ ਨੇ ਸਾਫ ਕਿਹਾ ਕਿ ਕਾਂਗਰਸ ਸਰਕਾਰ ਮਾਰਚ 2017 'ਚ ਫਾਈਲ ਉੱਤੇ ਦਸਖ਼ਤ ਕਰਨ ਦੇ ਦੋਸ਼ ਲਾ ਰਹੀ ਹੈ, ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਆਈ, ਕਿਉਂਕਿ ਚੋਣ ਜ਼ਾਬਤਾ ਲੱਗਣ ਪਿੱਛੋਂ ਉਨ੍ਹਾਂ ਇਕ ਵੀ ਫਾਈਲ ਉੱਤੇ ਦਸਤਖ਼ਤ ਨਹੀਂ ਕੀਤੇ ਤੇ ਨਾ ਮੁੱਖ ਮੰਤਰੀ ਦਫ਼ਤਰ ਤੋਂ ਕੋਈ ਫਾਈਲ ਦਸਖ਼ਤ ਹੋਣ ਲਈ ਆਈ ਸੀ। ਜੇ ਕਾਂਗਰਸ ਕੋਲ ਕੋਈ ਸਬੂਤ ਹੈ ਤਾਂ ਸਾਫ ਦੱਸੇ। ਢੀਂਡਸਾ ਨੇ ਇਹ ਨਹੀਂ ਦੱਸਿਆ ਕਿ ਜੇ ਉਨ੍ਹਾਂ ਨੇ ਦਸਤਖ਼ਤ ਨਹੀਂ ਕੀਤੇ ਤਾਂ ਕਿਸ ਨੇ ਕੀਤੇ ਸਨ, ਸਗੋਂ ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਨਹੀਂ ਜਾਣਦੇ। ਇਸ ਤਰ੍ਹਾਂ ਉਨ੍ਹਾ ਨੇ ਸਾਰਾ ਮਾਮਲਾ ਅਫ਼ਸਰਾਂ ਉੱਤੇ ਸੁੱਟ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਸਰਕਾਰ ਨੇ ਏਜੰਸੀਆਂ ਨੂੰ ਰਾਹਤ ਦਿੱਤੀ ਸੀ, ਵਰਨਾ ਕੈਸ਼ ਕ੍ਰੈਡਿਟ ਲਿਮਿਟ ਲੈਣ ਦੀ ਮੁਸ਼ਕਲ ਹੋਣੀ ਸੀ। ਇਸ ਕਰਜ਼ੇ ਉੱਤੇ 12 ਫ਼ੀਸਦੀ ਵਿਆਜ ਲੱਗਣਾ ਸੀ, ਜੋ ਉਨ੍ਹਾਂ ਨੇ 8 ਫ਼ੀਸਦੀ ਕਰਵਾਇਆ ਸੀ। ਢੀਂਡਸਾ ਨੇ ਕਿਹਾ ਕਿ ਇਹ ਕੇਸ 12 ਹਜ਼ਾਰ ਕਰੋੜ ਦੇ ਖਰਚ ਦਾ ਹੈ, ਜਿਹੜੇ ਕੇਂਦਰ ਤੋਂ ਲਏ ਵਾਧੂ ਵਿਆਜ, ਆਵਾਜਾਈ ਖਰਚ, ਲੇਬਰ ਆਦਿ ਨੂੰ ਮਿਲਾ ਕੇ ਹੋਏ ਹਨ। ਇਹ ਕਰਜ਼ਾ ਇਕ ਦਿਨ ਜਾ ਪੰਜ ਸਾਲ ਦਾ ਨਹੀਂ, 25 ਸਾਲ ਦਾ ਹੈ ਤੇ ਇਸ ਦਾ 18 ਹਜ਼ਾਰ ਕਰੋੜ ਰੁਪਏ ਵਿਆਜ ਲੱਗਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਇਸ ਦੇ ਤਿੰਨ ਹਿੱਸੇ ਕਰਨ ਦਾ ਵਾਅਦਾ ਕੀਤਾ ਸੀ, ਜੋ ਉਨ੍ਹਾਂ ਨੇ ਨਹੀਂ ਕੀਤੇ, ਜਿਸ ਕਾਰਨ ਇੱਕੋ ਵਾਰੀ ਸਾਰਾ ਬੋਝ ਪੈ ਗਿਆ ਸੀ।

## * ਅਫਸਰ ਨੇ ਕਿਹਾ: ਫੈਸਲਾ ਤਾਂ ਸਰਕਾਰ ਦਾ ਸੀ



ਦੂਸਰੇ ਪਾਸੇ ਉਸ ਵੇਲੇ ਦੇ ਪ੍ਰਿੰਸੀਪਲ ਫਾਈਨੈਂਸ ਸੈਕਟਰੀ ਸਤੀਸ਼ ਚੰਦਰਾ ਨੇ ਸਪੱਸ਼ਟ ਕੀਤਾ ਹੈ ਕਿ ਏਜੰਸੀਆਂ ਦਾ ਕਰਜ਼ਾ ਆਪਣੇ ਸਿਰ ਲੈਣ ਦਾ ਫ਼ੈਸਲਾ 16 ਸਤੰਬਰ 2016 ਦੀ ਕੈਬਨਿਟ ਮੀਟਿੰਗ ਨੇ ਪਾਸ ਕੀਤਾ ਸੀ ਤੇ 31 ਦਸੰਬਰ ਨੂੰ ਭਾਰਤੀ ਸਟੇਟ ਬੈਂਕ ਨਾਲ ਕਰਜ਼ੇ ਨੂੰ ਸਰਕਾਰ ਵੱਲੋਂ ਟੇਕਓਵਰ ਕਰਨ ਦਾ ਸਮਝੌਤਾ ਹੋਇਆ ਸੀ, ਅਸੀਂ ਤਾਂ ਰਾਜ ਸਰਕਾਰ ਦੇ ਪਾਸ ਕੀਤੇ ਹੋਏ ਫ਼ੈਸਲੇ ਦੀ ਰਸਮ ਹੀ ਪੂਰੀ ਕਰਵਾਈ ਸੀ ਤੇ ਫਾਈਲ ਨੂੰ ਕੇਂਦਰ ਸਰਕਾਰ ਨੂੰ ਭੇਜੀ ਸੀ।

# ਸਿੰਚਾਈ ਵਿਭਾਗ ਦਾ ਘਪਲਾ: ਸਾਬਕਾ ਐਕਸੀਅਨ ਬੰਗੜ ਅਤੇ ਮਾਨ ਜਾਅਲੀ ਜ਼ਮਾਨਤਾਂ ਕਰਾਉਣ ਕਾਰਨ ਜੇਲ੍ਹ ਭੇਜੇ ਗਏ

ਐਸ ਏ ਐਸ ਨਗਰ, 24 ਫਰਵਰੀ (ਪੋਸਟ ਬਿਊਰੋ)- ਸਿੰਚਾਈ ਵਿਭਾਗ ਦੇ ਕਰੋੜਾਂ ਰੁਪਏ ਦੇ ਘਪਲੇ ਵਾਲੇ ਕੇਸ ਵਿੱਚ ਨਾਮਜ਼ਦ ਸਾਬਕਾ ਐਕਸੀਅਨ ਵਰਿੰਦਰ ਕੁਮਾਰ ਬੰਗੜ ਅਤੇ ਹਰਜਿੰਦਰਪਾਲ ਸਿੰਘ ਮਾਨ, ਜਿਨ੍ਹਾਂ ਦੀ ਕੁਝ ਦਿਨ ਪਹਿਲਾਂ ਹੀ ਜ਼ਮਾਨਤ ਹੋਈ ਸੀ, ਦੇ ਜ਼ਮਾਨਤੀਆਂ ਉੱਤੇ ਸ਼ੱਕ ਪੈਣ 'ਤੇ ਮੁਹਾਲੀ ਦੇ ਐਡੀਸ਼ਨਲ ਜ਼ਿਲਾ ਸੈਸ਼ਨ ਜੱਜ ਦੀ ਅਦਾਲਤ ਨੇ ਕੱਲ੍ਹ ਡਿਪਟੀ ਕਮਿਸ਼ਨਰ ਲੁਧਿਆਣਾ ਕੋਲੋਂ ਜ਼ਮੀਨ ਰਿਕਾਰਡ ਦੀ ਮੰਗ ਕੀਤੀ ਤੇ ਜਦੋਂ ਅਦਾਲਤ ਨੇ ਇਸ ਦੀ ਜਾਂਚ ਕੀਤੀ ਤਾਂ ਜ਼ਮਾਨਤੀਆਂ ਵੱਲੋਂ ਲਾਏ ਜ਼ਮੀਨ ਦੇ ਕਾਗਜ਼ਾਤ ਜਾਅਲੀ ਨਿਕਲੇ। ਡਿਪਟੀ ਕਮਿਸ਼ਨਰ ਲੁਧਿਆਣਾ ਦੀ



ਰਿਪੋਰਟ ਮਿਲਣ ਪਿੱਛੋਂ ਜੱਜ ਨੇ ਬੰਗੜ ਅਤੇ ਗ੍ਰਿਫਤਾਰ ਕਰ ਲੈਣ ਦੇ ਹੁਕਮ ਦਿੱਤੇ ਤਾਂ ਥਾਣਾ ਸੋਹਾਣਾ ਦੀ ਪੁਲਸ ਅਦਾਲਤ ਵਿੱਚ ਆਈ ਅਤੇ ਦੋਵਾਂ ਮੁਲਜ਼ਮਾਂ ਨੂੰ ਫੜ ਕੇ ਜੇਲ੍ਹ ਭੇਜ ਦਿੱਤਾ ਗਿਆ।

ਅਦਾਲਤ ਨੇ ਥਾਣਾ ਸੋਹਾਣਾ ਦੀ ਪੁਲਸ ਨੂੰ ਇਸ ਬਾਰੇ ਦੋਵਾਂ ਸੇਵਾਮੁਕਤ ਅਫਸਰਾਂ ਦੇ ਨਾਲ ਜ਼ਮਾਨਤ ਦੇਣ ਵਾਲੇ ਵਿਅਕਤੀਆਂ ਖਿਲਾਫ ਵੀ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਥਾਣਾ ਸੋਹਾਣਾ ਦੇ ਏ ਐਸ ਆਈ ਅਮਰੀਕ ਸਿੰਘ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ 'ਤੇ ਸੇਵਾਮੁਕਤ ਐਕਸੀਅਨ ਵਰਿੰਦਰ ਕੁਮਾਰ ਬੰਗੜ ਅਤੇ ਹਰਜਿੰਦਰਪਾਲ ਸਿੰਘ ਮਾਨ ਤੋਂ ਇਲਾਵਾ ਰਛਪਾਲ ਸਿੰਘ, ਪ੍ਰਵੀਨ ਕੁਮਾਰ ਅਤੇ ਨੰਬਰਦਾਰ ਅਨਿਲ ਕੁਮਾਰ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹ ਭੇਜੇ ਗਏ ਦੋਵਾਂ ਦੋਸ਼ੀਆਂ ਨੂੰ ਪੁਲਸ ਪ੍ਰੋਡਕਸ਼ਨ ਵਾਰੰਟ 'ਤੇ ਮੁਹਾਲੀ ਲਿਆਵੇਗੀ, ਜਦ ਕਿ ਜ਼ਮਾਨਤ ਦੇਣ ਵਾਲੇ ਮੁਲਜ਼ਮਾਂ ਨੂੰ ਵੀ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

# ਸਪੀਕਰ ਨੇ ਕਿਹਾ: ਫੂਲਕਾ ਤੇ ਖਹਿਰਾ ਦੇ ਅਸਤੀਫੇ ਦੀ ਪ੍ਰਕਿਰਿਆ ਪੂਰੀ ਨਹੀਂ ਹੋਈ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਅਤੇ ਪਾਰਟੀ ਤੋਂ ਬਾਗੀ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਅਸਤੀਫੇ ਦਾ ਮਾਮਲਾ ਵਿਧਾਨ ਸਭਾ ਵਿੱਚ ਕੱਲ੍ਹ ਫਿਰ ਉਠਿਆ। ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਜ਼ੀਰੋ ਆਵਰ ਵਿੱਚ ਇਹ ਮਾਮਲਾ ਉਠਾਉਂਦਿਆਂ ਕਿਹਾ ਕਿ ਸੰਵਿਧਾਨ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਕੌਣ ਵਿਧਾਨ ਸਭਾ ਦਾ ਮੈਂਬਰ ਹੋ ਸਕਦਾ ਹੈ, ਅਸਤੀਫਾ ਦੇਣ ਬਾਰੇ ਅਤੇ ਪ੍ਰਵਾਨ ਕਰਨ ਬਾਰੇ ਵੀ ਸਭ ਕੁਝ ਸਪੱਸ਼ਟ ਹੈ। ਬਾਹਰ ਜਾ ਕੇ ਸੁਖਪਾਲ ਸਿੰਘ ਖਹਿਰਾ ਅਤੇ ਹਰਵਿੰਦਰ ਸਿੰਘ ਫੂਲਕਾ ਕਹਿੰਦੇ ਹਨ ਕਿ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਹੈ, ਪਰ ਜਦ ਦਿਲ ਕਰੇ ਤਾਂ ਫੂਲਕਾ ਹਾਊਸ ਵਿੱਚ ਆਉਂਦੇ ਅਤੇ ਗਾਇਬ ਹੋ ਜਾਂਦੇ ਹਨ। ਉਹ ਸਰਕਾਰੀ ਭੱਤੇ ਲੈਂਦੇ ਹਨ, ਤਨਖਾਹਾਂ ਲੈਂਦੇ ਹਨ, ਸਰਕਾਰੀ ਸਹੂਲਤਾਂ ਦਾ ਅਨੰਦ ਮਾਣਦੇ ਹਨ, ਉਨ੍ਹਾਂ ਦਾ ਅਸਤੀਫਾ ਪ੍ਰਵਾਨ ਹੋਇਆ ਹੈ ਜਾਂ ਨਹੀਂ? ਇਹ ਹਾਊਸ ਜਾਨਣਾ ਚਾਹੁੰਦਾ ਹੈ।

ਇਸ ਦੇ ਜਵਾਬ ਵਿੱਚ ਸਪੀਕਰ ਰਾਣਾ ਕੇ ਪੀ ਸਿੰਘ ਨੇ ਕਿਹਾ ਕਿ ਇਹ ਉਨ੍ਹਾਂ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ। ਐੱਚ ਐੱਸ ਫੂਲਕਾ ਨੂੰ ਉਨ੍ਹਾਂ ਨੇ ਦੱਸਿਆ ਹੈ ਕਿ ਉਨ੍ਹਾਂ ਦਾ ਅਸਤੀਫਾ ਨਿਯਮਾਂ ਦੀਆਂ ਸ਼ਰਤਾਂ ਅਨੁਸਾਰ ਨਹੀਂ, ਇਹ ਠੀਕ ਕਰ ਕੇ ਦਿਉ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਸਤੀਫਾ ਸਹੀ ਢੰਗ ਨਾਲ ਦਿੱਤਾ ਹੈ। ਉਹ ਫੂਲਕਾ ਦਾ ਇਹ ਅਸਤੀਫਾ ਕਾਨੂੰਨੀ ਰਾਏ ਲੈਣ ਲਈ ਕਾਨੂੰਨੀ ਮਹਿਕਮੇ ਨੂੰ ਭੇਜਣਗੇ। ਜਿਥੋਂ ਤੱਕ ਸੁਖਪਾਲ ਸਿੰਘ ਖਹਿਰਾ ਦਾ ਕੇਸ ਹੈ, ਉਨ੍ਹਾਂ ਨੂੰ ਕਈ ਵਾਰ ਲਿਖਤੀ ਨੋਟਿਸ ਭੇਜਿਆ, ਪਰ ਉਹ ਹਾਜ਼ਰ ਨਹੀਂ ਹੋਏ। ਅਗਲੇ ਦਿਨੀਂ ਵਿਧਾਨ ਸਭਾ ਵਲੋਂ ਇਸ ਬਾਰੇ ਅਖਬਾਰਾਂ 'ਚ ਇਸ਼ਤਿਹਾਰ ਦਿੱਤਾ ਜਾਵੇਗਾ ਤੇ ਉਸ ਤੋਂ ਬਾਅਦ ਉਹ ਇਨ੍ਹਾਂ ਦੋਵਾਂ ਮੈਂਬਰਾਂ ਦੇ ਅਸਤੀਫੇ ਦਾ ਫੈਸਲਾ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਦੋ ਲੱਖ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਸਾਰੀ ਪ੍ਰਕਿਰਿਆ ਪੂਰੀ ਕਰਨਾ ਜ਼ਰੂਰੀ ਹੈ। ਜੇ ਫਿਰ ਵੀ ਕੋਈ ਮੈਂਬਰ ਸੰਤੁਸ਼ਟ ਨਹੀਂ ਤਾਂ ਉਹ ਅਦਾਲਤ ਵਿੱਚ ਜਾ ਸਕਦਾ ਹੈ।

# ਕਾਰਗਿੱਲ ਯੁੱਧ ਚੱਲਦੇ ਵਿੱਚ ਵੀ ਖੇਡਿਆ ਗਿਆ ਸੀ ਭਾਰਤ-ਪਾਕਿ ਕ੍ਰਿਕਟ ਮੈਚ

ਮੋਹਾਲੀ, 24 ਫਰਵਰੀ (ਪੋਸਟ ਬਿਊਰੋ)- ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹੋਏ ਹਮਲੇ ਕਾਰਨ ਕੁਝ ਲੋਕ ਇਹ ਬਹਿਸ ਕਰ ਰਹੇ ਹਨ ਕਿ ਅਗਲੇ ਕ੍ਰਿਕਟ ਵਿਸ਼ਵ ਕੱਪ ਵਿੱਚ ਪਾਕਿਸਤਾਨ ਨਾਲ ਮੈਚ ਨਹੀਂ ਖੇਡਣਾ ਚਾਹੀਦਾ ਜਾਂ ਨਹੀਂ। ਇਸ ਬਾਰੇ ਕ੍ਰਿਕਟ ਦੇ ਮਹਾਂਰਥੀ ਖਿਡਾਰੀਆਂ, ਪ੍ਰਸ਼ਾਸਕਾਂ ਤੇ ਵੱਖ-ਵੱਖ ਨੇਤਾਵਾਂ ਦੇ ਬਿਆਨ ਤਾਂ ਆ ਰਹੇ ਹਨ, ਪਰ ਇਹ ਗੱਲ ਬੜੇ ਘੱਟ ਲੋਕਾਂ ਨੂੰ ਯਾਦ ਹੈ ਕਿ 1999 ਵਿੱਚ ਕਾਰਗਿੱਲ ਯੁੱਧ ਚੱਲਦੇ ਤੋਂ ਵੀ ਭਾਰਤ ਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਵਿਸ਼ਵ ਕੱਪ ਮੈਚ ਖੇਡਿਆ ਗਿਆ ਅਤੇ ਟੀਮ ਇੰਡੀਆ ਇਸ ਮੈਚ ਵਿੱਚ ਜੇਤੂ ਰਹੀ ਸੀ।



ਵਰਨਣ ਯੋਗ ਹੈ ਕਿ ਕਾਰਗਿੱਲ ਜੰਗ ਮਈ ਤੋਂ ਜੁਲਾਈ 1999 ਵਿਚਾਲੇ ਚੱਲਦੀ ਰਹੀ ਸੀ, ਜਦੋਂ ਪਾਕਿਸਤਾਨੀ ਫੌਜ ਅਤੇ ਅੱਤਵਾਦੀਆਂ ਨੇ ਭਾਰਤ-ਪਾਕਿਸਤਾਨ ਕੰਟਰੋਲ ਰੇਖਾ ਪਾਰ ਕਰਕੇ ਭਾਰਤੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਭਾਰਤੀ ਫੌਜ ਨੇ 26 ਜੁਲਾਈ ਨੂੰ ਕਾਰਗਿਲ ਯੁੱਧ ਵਿੱਚ ਜਿੱਤ ਲਿਆ ਸੀ ਅਤੇ ਇਸ ਦਿਨ ਨੂੰ ਵਿਜੇ ਦਿਵਸ ਦੇ ਰੂਪ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ। ਇਸ ਜੰਗ ਵੇਲੇ 1999 ਕ੍ਰਿਕਟ ਵਿਸ਼ਵ ਕੱਪ ਮੁਕਾਬਲਿਆਂ ਵਿਚਾਲੇ ਅੱਠ ਜੂਨ 1999 ਨੂੰ ਮੈਨਚੈਸਟਰ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੁਪਰ ਸਿਕਸ ਦਾ ਮੈਚ ਖੇਡਿਆ ਗਿਆ ਸੀ। ਭਾਰਤ ਨੇ ਵੈਂਕਟੇਸ਼ ਪ੍ਰਸ਼ਾਦ ਦੀ ਤੇਜ਼ ਬੱਲੇਬਾਜ਼ੀ ਸਦਕਾ ਇਸ ਮੈਚ ਵਿੱਚ 47 ਦੌੜਾਂ ਨਾਲ ਜਿੱਤ ਹਾਸਲ ਕਰ ਕੇ ਹੋਏ ਵਿਸ਼ਵ ਕੱਪ ਵਿੱਚ ਪਾਕਿਸਤਾਨ ਵਿਰੁੱਧ ਜਿੱਤਾਂ ਦਾ ਸਿਲਸਿਲਾ ਜਾਰੀ ਰੱਖਿਆ ਸੀ। ਭਾਰਤ ਦੇ ਕਪਤਾਨ ਮੁਹੰਮਦ ਅਜ਼ਹਰੂਦੀਨ ਨੇ ਇਸ ਮੈਚ ਵਿੱਚ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ ਅਤੇ ਭਾਰਤ ਨੇ ਛੇ ਵਿਕਟਾਂ 'ਤੇ 227 ਦੌੜਾਂ ਬਣਾਈਆਂ ਸਨ। ਰਾਹੁਲ ਦ੍ਰਾਵਿੜ ਨੇ ਭਾਰਤ ਵੱਲੋਂ ਸਭ ਤੋਂ ਵੱਧ 61 ਅਤੇ ਅਜ਼ਹਰ ਨੇ 59 ਦੌੜਾਂ ਬਣਾਈਆਂ ਤੇ ਸਲਾਮੀ ਬੱਲੇਬਾਜ ਸਚਿਨ ਤੇਂਦੁਲਕਰ ਨੇ 45 ਦੌੜਾਂ ਲਈਆਂ ਸਨ। ਪਾਕਿਸਤਾਨ ਵੱਲੋਂ ਵਸੀਮ ਅਕਰਮ ਅਤੇ ਅਜ਼ਹਰ ਮਹਿਮੂਦ ਨੇ 2-2 ਵਿਕਟਾਂ ਲਈਆਂ ਸਨ। ਇਸ ਦੇ ਜਵਾਬ ਵਿੱਚ ਪਾਕਿਸਤਾਨੀ ਟੀਮ 45.3 ਓਵਰਾਂ ਵਿੱਚ 180 ਦੌੜਾਂ ਉੱਤੇ ਸਿਮਟ ਗਈ ਸੀ। ਇੰਜਮਾਮ ਉਲ ਹੱਕ (41 ਦੌੜਾ), ਸਈਦ ਅਨਵਰ (36) ਅਤੇ ਮੋਇਨ ਖਾਨ (34) ਨੂੰ ਛੱਡ ਕੇ ਹੋਰ ਕੋਈ ਵੀ ਪਾਕਿਸਤਾਨੀ ਬੱਲੇਬਾਜ਼ ਟਿਕ ਨਹੀਂ ਸੀ ਸਕਿਆ। ਵੈਂਕਟੈਸ਼ ਪ੍ਰਸਾਦ ਨੇ 27 ਦੌੜਾਂ ਉੱਤੇ ਪੰਜ ਵਿਕਟਾਂ ਲਈਆਂ। ਜਵਾਗਲ ਸ਼੍ਰੀਨਾਥ ਨੇ 37 ਦੌੜਾਂ 'ਤੇ ਤਿੰਨ ਅਤੇ ਅਨਿਲ ਕੁੰਬਲੇ ਨੇ 43 ਦੌੜਾਂ ਉੱਤੇ ਦੋ ਵਿਕਟਾਂ ਲਈਆਂ ਸਨ।

# ਧੋਖਾਧੜੀ ਦਾ ਕੇਸ ਦਰਜ ਹੋਣ ਪਿੱਛੋਂ ਟਰੈਵਲ ਏਜੰਟ ਫਰਾਰ

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਇਸ ਮਹਾਂਨਗਰ ਦੇ ਥਾਣਾ ਨੰਬਰ ਇਕ ਦੀ ਪੁਲਸ ਨੇ ਇੱਕ ਟਰੈਵਲ ਏਜੰਟ ਦੇ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਕੀਤਾ ਅਤੇ ਏਜੰਟ ਫਰਾਰ ਹੋ ਗਿਆ ਹੈ।

ਇਸ ਕੇਸ ਦੇ ਪੀੜਤ ਗੁਰਦੇਵ ਸਿੰਘ ਵਾਸੀ ਰਾਮਗੜ੍ਹ, ਕਪੂਰਥਲਾ ਨੇ ਦੱਸਿਆ ਕਿ ਉਨ੍ਹਾਂ ਨੇ ਪੌਣੇ ਦੋ ਸਾਲ ਪਹਿਲਾਂ ਆਪਣੀ ਧੀ ਗੁਰਪ੍ਰੀਤ ਕੌਰ ਨੂੰ ਪੜ੍ਹਾਈ ਲਈ ਵਿਦੇਸ਼ ਭੇਜਣ ਵਾਸਤੇ ਮਨਿੰਦਰਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀ 48 ਗੁਰੂ ਅਮਰਦਾਸ ਨਗਰ ਐਕਸਟੈਂਸ਼ਨ ਜਲੰਧਰ ਦੇ ਬੈਂਕ ਖਾਤੇ ਵਿੱਚ ਸਵਾ ਲੱਖ ਰੁਪਏ ਜਮ੍ਹਾਂ ਕਰਵਾਏ ਸਨ। ਜਦ ਇਹ ਪੈਸੇ ਮਨਿੰਦਰਜੀਤ ਕੌਰ ਦੇ ਖਾਤੇ ਵਿੱਚ ਪੈਸੇ ਜਮ੍ਹਾਂ ਹੋ ਗਏ ਤਾਂ ਉਹ ਗੁਰਪ੍ਰੀਤ ਕੌਰ ਨੂੰ ਵਿਦੇਸ਼ ਭੇਜਣ ਤੋਂ ਟਾਲਣ ਲੱਗੇ। ਕਾਫੀ ਸਮਾਂ ਬੀਤਣ 'ਤੇ ਵੀ ਉਨ੍ਹਾਂ ਨੇ ਉਸ ਦੀ ਧੀ ਨੂੰ ਵਿਦੇਸ਼ ਨਾ ਭੇਜਿਆ ਤਾਂ ਉਨ੍ਹਾਂ ਕਿਸੇ ਹੋਰ ਏਜੰਟ ਰਾਹੀਂ ਆਪਣੀ ਧੀ ਨੂੰ ਵਿਦੇਸ਼ ਭੇਜ ਦਿੱਤਾ। ਇਸ ਬਾਰੇ ਉਨ੍ਹਾਂ ਪੰਜ ਅਪ੍ਰੈਲ 2017 ਨੂੰ ਥਾਣਾ ਇਕ 'ਚ ਮਨਿੰਦਰਜੀਤ ਕੌਰ ਖਿਲਾਫ ਸ਼ਿਕਾਇਤ ਦਿੱਤੀ ਸੀ। ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਇਸ ਜਾਂਚ ਕਰਨ ਪਿੱਛੋਂ ਟਰੈਵਲ ਏਜੰਟ ਮਨਿੰਦਰਜੀਤ ਕੌਰ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਮਨਿੰਦਰਜੀਤ ਕੌਰ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਜਾਰੀ ਹੈ।

# ਕਾਂਗਰਸੀ ਬੀਬੀ ਦੀ ਕਾਰ ਦੀ ਟੱਕਰ ਨਾਲ ਨੌਜਵਾਨ ਦੀ ਮੌਤ

ਹੁਸ਼ਿਆਰਪੁਰ, 24 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਇਥੇ ਮਾਲ ਰੋਡ 'ਤੇ ਇਕ ਤੇਜ਼ ਰਫਤਾਰ ਫਾਰਚੂਨਰ ਕਾਰ ਦੀ ਲਪੇਟ 'ਚ ਆ ਕੇ ਐਕਟਿਵਾ ਸਵਾਰ ਇਕ ਨੌਜਵਾਨ ਦੀ ਮੌਤ ਹੋ ਗਈ।

ਇਸ ਹਾਦਸੇ ਦੇ ਮ੍ਰਿਤਕ ਦੀ ਪਛਾਣ ਦੀਪਕ ਸੈਣੀ ਵਾਸੀ ਚਾਂਦ ਨਗਰ ਵਜੋਂ ਹੋਈ ਹੈ। ਦੱਸਿਆ ਜਾਂਦਾ ਹੈ ਕਿ ਕਾਰ ਨੂੰ ਇਕ ਕਾਂਗਰਸੀ ਮਹਿਲਾ ਆਗੂ ਚਲਾ ਰਹੀ ਸੀ ਤੇ ਇਸ ਵਿੱਚ ਹੋਰ ਵੀ ਵਿਅਕਤੀ ਸਨ। ਮ੍ਰਿਤਕ ਦੇ ਭਰਾ ਗੌਰਵ ਸੈਣੀ ਨੇ ਪੁਲਸ ਨੂੰ ਦੱਸਿਆ ਕਿ ਫੋਟੋਗ੍ਰਾਫੀ ਦਾ ਕੰਮ ਕਰਦਾ ਉਸ ਦਾ ਭਰਾ ਰਾਤ ਕਰੀਬ 11 ਵਜੇ ਪਿਜ਼ਾ ਲੈਣ ਲਈ ਸਕੂਟਰ 'ਤੇ ਗਿਆ ਸੀ। ਵਾਪਸੀ ਉੱਤੇ ਜਦੋਂ ਉਹ ਚੌਕ ਪਾਰ ਕਰਨ ਲੱਗਿਆ ਤਾਂ ਇਕ ਤੇਜ਼ ਰਫਤਾਰ ਫਾਰਚੂਨਰ ਗੱਡੀ, ਜਿਸ ਨੂੰ ਇਕ ਮਹਿਲਾ ਚਲਾ ਰਹੀ ਸੀ, ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਰਾਹਗੀਰਾਂ ਨੇ ਉਸ ਦੇ ਭਰਾ ਨੂੰ ਸਿਵਲ ਹਸਪਤਾਲ ਪੁਚਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਾਦਸੇ ਦੌਰਾਨ ਫਾਰਚੂਨਰ ਗੱਡੀ ਬਿਜਲੀ ਦੇ ਖੰਬੇ ਨਾਲ ਟਕਰਾ ਕੇ ਨੁਕਸਾਨੀ ਗਈ। ਕਾਰ ਚਲਾ ਰਹੀ ਹਰਸਿਮਰਨ ਕੌਰ ਬਾਜਵਾ ਨਾਂਅ ਦੀ ਔਰਤ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਹੈ। ਸਿਟੀ ਪੁਲਸ ਨੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ।

ਦੂਸਰੇ ਕੇਸ ਵਿੱਚ ਦੀਨਾਨਗਰ ਤੋਂ ਵਾਪਸ ਆਪਣੇ ਪਿੰਡ ਛੀਨਾ ਬੇਟ ਜਾ ਰਹੇ ਜੋੜੇ ਦਾ ਹਾਦਸਾ ਹੋ ਗਿਆ, ਜਿਸ ਵਿੱਚ ਪਤਨੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਪਤੀ ਗੰਭੀਰ ਜ਼ਖਮੀ ਹੈ। ਪਤਾ ਲੱਗਾ ਹੈ ਕਿ ਪਿੰਡ ਛੀਨਾ ਬੇਟ ਦਾ ਸਾਬਕਾ ਫੌਜੀ ਸ਼ੇਰ ਸਿੰਘ (58) ਆਪਣੀ ਪਤਨੀ ਚੰਚਲਾ ਦੇਵੀ (55) ਨਾਲ ਦੀਨਾਨਗਰ ਕਿਸੇ ਕੰਮ ਗਿਆ ਸੀ। ਬਾਅਦ ਦੁਪਹਿਰ ਜਦੋਂ ਉਹ ਦੋਵੇਂ ਮੋਟਰ ਸਾਈਕਲ 'ਤੇ ਆਪਣੇ ਪਿੰਡ ਮੁੜ ਰਹੇ ਸਨ ਤਾਂ ਦੀਨਾਨਗਰ ਬਾਈਪਾਸ 'ਤੇ ਇਕ ਵਰਨਾ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਇਸ ਨਾਲ ਚੰਚਲਾ ਦੇਵੀ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਸ਼ੇਰ ਸਿੰਘ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਨੂੰ ਇਲਾਜ ਲਈ ਸਿਵਲ ਹਸਪਤਾਲ ਗੁਰਦਾਸਪੁਰ ਪੁਚਾਇਆ ਗਿਆ। ਕਾਰ ਚਾਲਕ ਕਾਰ ਛੱਡ ਕੇ ਉਸ ਨੂੰ ਲਾਕ ਕਰਕੇ ਫਰਾਰ ਹੋ ਗਿਆ। ਪੁਲਸ ਨੇ ਕਾਰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਹਾਈ ਕੋਰਟ ਨੇ ਕਿਹਾ: ਵਿਕਾਸ ਪੱਖੋਂ ਯੋਗਦਾਨ ਜ਼ੀਰੋ ਤਾਂ 5000 ਕਰੋੜ ਕੋਰਟ ਵਿੱਚ ਕਿਉਂ ਨਾ ਜਮ੍ਹਾ ਕਰਵਾਏ ਜਾਣ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ)- ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਵਿੱਚ 24 ਘੰਟੇ ਕਨੈਕਟਿਵਿਟੀ ਅਤੇ ਇੰਟਰਨੈਸ਼ਨਲ ਫਲਾਈਟਸ ਦੀ ਗਿਣਤੀ ਵਧਾਉਣ ਬਾਰੇ ਹਾਈ ਕੋਰਟ ਵਿੱਚ ਸੁਣਵਾਈ ਵੇਲੇ ਪੰਜਾਬ ਸਰਕਾਰ ਦੇ ਰੁਖ 'ਤੇ ਨਾਰਾਜ਼ ਹੋਏ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਨੇ ਸਰਕਾਰ ਨੂੰ ਸਖਤ ਫਟਕਾਰ ਲਾਈ ਅਤੇ ਹੁਕਮ ਪਾਸ ਕੀਤਾ ਕਿ ਸੋਮਵਾਰ ਨੂੰ ਪੰਜਾਬ ਦੇ ਚੀਫ ਸੈਕਟਰੀ ਅਤੇ ਐਡਵੋਕੇਟ ਜਨਰਲ ਖੁਦ ਕੋਰਟ ਵਿੱਚ ਪੇਸ਼ ਹੋ ਕੇ ਸਰਕਾਰ ਦਾ ਪੱਖ ਰੱਖਣ। ਐਡਵੋਕੇਟ ਜਨਰਲ ਦੀ ਬੇਨਤੀ ਨੂੰ ਕੋਰਟ ਨੇ ਉਨ੍ਹਾਂ ਦੀ ਅੰਡਰਟੇਕਿੰਗ ਦੇ ਰੂਪ ਵਿੱਚ ਦਰਜ ਕੀਤਾ ਹੈ।

ਕੱਲ੍ਹ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਕਈ ਵਿਭਾਗਾਂ ਨੇ ਇਸ ਦੀ ਸਟੇਟਸ ਰਿਪੋਰਟ ਕੋਰਟ ਪੇਸ਼ ਕੀਤੀ ਸੀ। ਇਸ ਮੌਕੇ ਜ਼ੀਰਕਪੁਰ ਨਗਰ ਕੌਂਸਲ ਨੇ ਜ਼ੀਰਕਪੁਰ ਤੋਂ ਏਅਰਪੋਰਟ ਤੱਕ ਪਾਣੀ, ਡ੍ਰੇਨੇਜ ਅਤੇ ਸੀਵਰੇਜ ਪਾਈਪ ਲਾਈਨ ਵਿਛਾਉਣ ਬਾਰੇ ਦੱਸਿਆ ਕਿ ਤਿੰਨ ਦਿਨ ਪਹਿਲਾ ਉਨ੍ਹਾਂ ਲੋਕਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ, ਜਿਨ੍ਹਾਂ ਦੇ ਘਰ ਸੀਵਰੇਜ ਅਤੇ ਪਾਣੀ ਦੀ ਪਾਈਪਲਾਈਨ ਲਈ ਨਿਰਧਾਰਿਤ ਰੂਟ ਵਿੱਚ ਬਣੇ ਹੋਏ ਹਨ। ਕੋਰਟ ਵਿੱਚ ਪੇਸ਼ ਕੀਤੀ ਨੋਟਿਸ ਦੀ ਕਾਪੀ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ ਦੇ ਘਰ ਸੀਵਰੇਜ ਜਾਂ ਪਾਣੀ ਦੀ ਪਾਈਪ ਲਾਈਨ ਦੇ ਰਸਤੇ ਵਿੱਚ ਆਏ ਹਨ, ਉਨ੍ਹਾਂ ਨੂੰ ਢਾਹਿਆ ਜਾਵੇਗਾ, ਪਰ ਉਨ੍ਹਾਂ ਨੂੰ ਛੋਟ ਦਿੱਤੀ ਗਈ ਹੈ ਕਿ ਉਹ ਚਾਹੁਣ ਤਾਂ ਆਪਣੇ ਘਰ ਟੁੱਟਣ ਤੋਂ ਬਚਾਉਣ ਲਈ ਸਿਵਲ ਕੋਰਟ ਵਿੱਚ ਅਪੀਲ ਕਰ ਸਕਦੇ ਹਨ।

ਪਟੀਸ਼ਨ ਕਰਤਾ ਮੋਹਾਲੀ ਇੰਡਸਟਰੀਜ਼ ਐਸੋਸੀਏਸ਼ਨ ਦੇ ਵਕੀਲ ਪੁਨੀਤ ਬਾਲੀ ਨੇ ਕੋਰਟ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਇੰਟਰਨੈਸ਼ਨਲ ਏਅਰਪੋਰਟ ਨੂੰ ਇਸ਼ਤਿਹਾਰ ਲਈ ਵਰਤਿਆ ਤੇ ਕਈ ਵੱਡੀਆਂ ਉਦਯੋਗ ਕੰਪਨੀਆਂ ਨੂੰ ਇਸ ਵੱਲ ਖਿੱਚਿਆ, ਕਮਰਸ਼ੀਅਲ ਹਬ ਬਣਾਏ, ਐਰੋਸਿਟੀ-1 ਅਤੇ ਐਰੋਸਿਟੀ-2 ਦੇ ਨਾਮ ਨਾਲ ਸੈਕਟਰ ਕੱਟੇ ਤੇ 10 ਹਜ਼ਾਰ ਕਰੋੜ ਤੋਂ ਵੱਧ ਕਮਾਈ ਕੀਤੀ, ਪਰ ਸਭ ਤੋਂ ਵੱਡਾ ਸਟੇਕ ਹੋਲਡਰ ਹੋਣ ਦੇ ਬਾਵਜੂਦ ਏਅਰਪੋਰਟ ਬਣਾਉਣ ਜਾਂ ਵਿਕਾਸ ਲਈ ਨਾ ਪੈਸਾ ਖਰਚ ਕੀਤਾ ਅਤੇ ਨਾ ਗੰਭੀਰਤਾ ਨਾਲ ਸਹਿਯੋਗ ਹੀ ਦਿੱਤਾ।

ਇਹ ਅੰਕੜੇ ਸੁਣਨ ਪਿੱਛੋਂ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਨੇ ਸਖਤੀ ਦਿਖਾਉਂਦੇ ਹੋਏ ਕਿਹਾ ਕਿ ਏਅਰਪੋਰਟ ਦੇ ਨਾਮ 'ਤੇ ਪੰਜਾਬ ਸਰਕਾਰ ਨੇ ਜੋ 10,000 ਕਰੋੜ ਕਮਾਏ ਹਨ, ਕਿਉਂ ਨਾ ਉਸ 'ਚੋਂ 5000 ਕਰੋੜ ਕੋਰਟ ਵਿੱਚ ਜਮ੍ਹਾ ਕਰਵਾਏ ਜਾਣ।


Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 6 ਦਿਨ ਕੰਮ ਉਪਲਬਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193



148-2960 Drew Road, Mississauga ON L4T 0A5 | Harcharan S. Grover



# ਸੰਪਾਦਕੀ

## ਹਰਜੀਤ ਸੱਜਣ ਦੇ ਫੋਟੋ ਖਰਚਿਆਂ ਦੀ ਗਾਥਾ

ਆਖਦੇ ਹਨ ਕਿ ਇੱਕ ਤਸਵੀਰ ਹਜ਼ਾਰਾਂ ਸ਼ਬਦਾਂ ਦੇ ਬਰਾਬਰ ਦੀ ਹੁੰਦੀ ਹੈ। ਕਰੀਬ 1911 ਵਿੱਚ ਇਜਾਦ ਹੋਈ ਇਸ ਕਹਾਵਤ ਦੀ ਸਾਰਥਕਤਾ ਨੂੰ ਅਖਬਾਰਾਂ, ਰਿਪੋਰਟਾਂ, ਪੁਸਤਕਾਂ ਅਤੇ ਦਸਤਾਵੇਜ਼ਾਂ ਦੇ ਲੇਖਕਾਂ ਨੇ ਹੁਣ ਤੱਕ ਲੱਖਾਂ ਕਰੋੜਾਂ ਵਾਰ ਵਰਤ ਕੇ ਸੱਚ ਸਾਬਤ ਕੀਤਾ ਹੈ। ਹੁਣ ਇੱਕ ਵਾਰ ਦੁਬਾਰਾ ਸਾਡੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਇਸ ਕਹਾਵਤ ਨੂੰ ਖੁਦ ਉੱਤੇ ਲਾਗੂ ਕਰਕੇ ਸੱਚ ਸਾਬਤ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਸਰਕਾਰ ਦੇ ਅਧਿਕਾਰਤ ਸੂਤਰਾਂ ਤੋਂ ਹਾਸਲ ਕੀਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਬੀਤੇ ਦਿਨਾਂ ਤੋਂ ਮੀਡੀਆ ਵਿੱਚ ਚਰਚਾ ਚੱਲਦੀ ਆ ਰਹੀ ਹੈ ਕਿ ਮੰਤਰੀ ਸੱਜਣ ਨੇ ਸਾਲ 2015 ਦੇ ਆਖਰੀ ਦਿਨਾਂ ਤੋਂ ਲੈ ਕੇ ਹੁਣ ਤੱਕ 26 ਦੌਰਿਆਂ ਦੌਰਾਨ ਸਿਰਫ਼ ਅਤੇ ਸਿਰਫ਼ ਫੋਟੋਗਰਾਫੀ ਉੱਤੇ 1 ਲੱਖ 61 ਹਜ਼ਾਰ ਡਾਲਰ ਖਰਚ ਕੀਤੇ ਹਨ। ਜੇ ਔਸਤ ਕੱਢੀ ਜਾਵੇ ਤਾਂ ਇੱਕ ਦੌਰੇ ਉੱਤੇ 6200 ਡਾਲਰ ਪ੍ਰਤੀ ਦੌਰਾ ਸਿਰਫ਼ ਅਤੇ ਸਿਰਫ਼ ਫੋਟੋਗਰਾਫੀ ਦਾ ਖਰਚ ਬਣਦਾ ਹੈ।

ਚੇਤੇ ਰਹੇ ਕਿ ਇਹਨਾਂ ਖਰਚਿਆਂ ਦਾ ਰੱਖਿਆ ਵਿਭਾਗ ਦੇ ਸਰਕਾਰੀ ਫੋਟੋਗਰਾਫਰਾਂ ਦੀਆਂ ਤਨਖਾਹਾਂ ਜਾਂ ਹੋਰ ਲੋੜੀਂਦੇ ਖਰਚਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਆਮ ਮਾਰਕੀਤ ਵਿੱਚੋਂ ਵਿਸ਼ੇਸ਼ ਇੰਤਜ਼ਾਮ ਦੁਆਰਾ ਮੰਗਵਾਏ ਗਏ ਫੋਟੋਗਰਾਫਰਾਂ ਉੱਤੇ ਕੀਤੇ ਖਰਚੇ ਹਨ।

ਚਰਚਾ ਅਧੀਨ ਦੌਰਿਆਂ ਵਿੱਚ ਜੇ ਕੁੱਝ ਦੌਰੇ ਅੰਤਰਰਾਸ਼ਟਰੀ ਰਹੇ ਤਾਂ ਨਾਲ ਹੀ ਕੈਨੇਡਾ ਦੇ ਅੰਦਰ ਕੀਤੇ ਦੌਰੇ ਵੀ ਸ਼ਾਮਲ ਹਨ ਜਿਹਨਾਂ ਵਿੱਚ ਟੋਰਾਂਟੋ ਦੀਆਂ ਬਰੂਹਾਂ ਉੱਤੇ ਸਥਿਤ ਟਰੈਂਟਨ ਫੌਜੀ ਛਾਉਣੀ ਦਾ ਕੀਤਾ ਦੌਰਾ ਵੀ ਸ਼ਾਮਲ ਹੈ। ਇਸ ਬੇਹਿਸਾਬ ਮਹਿੰਗੀ ਫੋਟੋਗਰਾਫੀ ਦੇ ਹੱਕ ਵਿੱਚ ਲਿਬਰਲ ਸਰਕਾਰ ਦਾ ਆਖਣਾ ਹੈ ਕਿ ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਕੈਨੇਡਾ ਆਪਣੇ ਅਕਸ ਨੂੰ ਵਿਸ਼ਵ ਸਟੇਜ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਨ ਵਿੱਚ ਸਫ਼ਲ ਹੋ ਰਿਹਾ ਹੈ। ਕੈਨੇਡਾ ਦਾ ਵਿਸ਼ਵ ਮੰਚ ਉੱਤੇ ਸਫ਼ਲ ਅਕਸ ਬਣਾਉਣ ਦੀ ਪ੍ਰਕਿਰਿਆ ਉੱਤੇ ਕੀਤੇ ਮਹਿੰਗੇ ਫੋਟੋਗਰਾਫੀ ਦੌਰਿਆਂ ਵਿੱਚ ਮੰਤਰੀ ਸੱਜਣ ਦਾ ਭਾਰਤ ਦੌਰਾ ਵੀ ਸ਼ਾਮਲ ਹੈ। ਇਹ ਉਹੀ ਦੌਰਾ ਸੀ ਜਿਸ ਦੌਰਾਨ ਦਿੱਲੀ ਵਿਖੇ ਇੱਕ ਉੱਚ ਪੱਧਰੀ ਸੰਮੇਲਨ ਵਿੱਚ ਉਹਨਾਂ ਨੇ ਅਫਗਾਨਸਤਾਨ ਵਿੱਚ ਆਪਣੇ ਜੰਗਜੂ ਰੋਲ ਬਾਰੇ ਗਲਤ ਤੱਥ ਪੇਸ਼ ਕਰਕੇ ਸਮੁੱਚੀ ਲਿਬਰਲ ਸਰਕਾਰ ਦਾ ਅਕਸ ਵਿਸ਼ਵ ਸਟੇਜ ਉੱਤੇ ਉਭਾਰਿਆ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿੱਚ ਉਹਨਾਂ ਨੂੰ ਕੈਨੇਡੀਅਨ ਫੌਜ, ਅਫਗਾਨਸਤਾਨੀ ਫੌਜ ਅਤੇ ਅਮਰੀਕੀ ਫੌਜ ਤੋਂ ਜਨਤਕ ਰੂਪ ਵਿੱਚ ਮੁਆਫੀ ਮੰਗਣੀ ਪਈ ਸੀ।

ਬੇਸ਼ੱਕ ਇਹ ਤਰਕ ਆਮ ਕੈਨੇਡੀਅਨ ਨੂੰ ਚੰਗਾ ਲੱਗੇ ਜਾਂ ਨਾ ਪਰ ਰੱਖਿਆ ਮੰਤਰੀ ਇਹ ਸਾਬਤ ਕਰਦੇ ਜਾਪਦੇ ਹਨ ਕਿ ਜੇ ਕੈਨੇਡਾ ਨੇ ਵਿਸ਼ਵ ਪੱਧਰ ਉੱਤੇ ਧਾਂਕ ਜਮਾਉਣੀ ਹੈ ਤਾਂ ਫੌਜ ਲਈ ਸਹੂਲਤਾਂ ਅਤੇ ਆਧੁਨਿਕ ਸਾਜ਼ੋ ਸਮਾਨ ਦਾ ਇੰਤਜ਼ਾਮ ਵਿੱਚ ਜੇ ਦੇਰ ਸਵੇਰ ਹੋ ਵੀ ਜਾਵੇ ਤਾਂ ਉਸਦੀ ਸੋਹਣੀਆਂ ਅਤੇ ਪ੍ਰਭਾਵਸ਼ਾਲੀ ਫੋਟੋਆਂ ਖਿਚਵਾ ਕੇ ਭਰਪਾਈ ਕੀਤੀ ਜਾ ਸਕਦੀ ਹੈ।

ਮੰਤਰੀ ਹਰਜੀਤ ਸਿੰਘ ਸੱਜਣ ਦੇ ਰਿਕਾਰਡ ਸਾਹਮਣੇ ਵਾਤਾਵਰਣ ਮੰਤਰੀ ਕੇਥਰੀਨ ਮੈਕੇਨਾ ਨੂੰ ਅੱਜ ਕਿੰਨੀ ਨਮੋਸ਼ੀ ਮਹਿਸੂਸ ਹੋ ਰਹੀ ਹੋਵੇਗੀ ਜਿਹਨਾਂ ਨੂੰ ਅਗਸਤ 2016 ਵਿੱਚ 15 ਈਵੈਂਟਾਂ ਉੱਤੇ 17000 ਡਾਲਰ ਫੋਟੋਗਰਾਫੀ ਉੱਤੇ ਖਰਚ ਕਰਨ ਬਦਲੇ ਜਤਨਕ ਰੂਪ ਵਿੱਚ ਮੁਆਫੀ ਮੰਗਣੀ ਪਈ ਸੀ। ਉਸਦਾ ਸੱਭ ਤੋਂ ਵੱਡਾ ਖਰਚਾ ਫਰਾਂਸ ਵਿੱਚ ਵਾਤਾਵਰਣ ਸਿਖ਼ਰ ਸੰਮੇਲਨ ਵਿੱਚ ਹਿੱਸਾ ਲੈਣ ਵਾਸਤੇ ਸੀ ਜਿੱਥੇ 6700 ਡਾਲਰ ਖਰਚੇ ਗਏ ਸਨ। ਮੰਤਰੀ ਕੇਥਰੀਨ ਮੈਕੇਨਾ ਨੇ ਕਬੂਲ ਕੀਤਾ ਸੀ ਕਿ ਉਹ ਨਹੀਂ ਸੀ ਜਾਣਦੀ ਕਿ ਫੋਟੋਗਰਾਫੀ ਉੱਤੇ ਐਨੇ ਖਰਚ ਹੋ ਸਕਦੇ ਹਨ। ਉਸਨੇ ਅੱਗੇ ਤੋਂ ਅਜਿਹੇ ਫਜ਼ੂਲ ਖਰਚਿਆਂ ਤੋਂ ਤੋਬਾ ਕਰਨ ਦੀ ਗੱਲ ਕੀਤੀ ਸੀ।

ਲਿਬਰਲ ਸਰਕਾਰ ਨੂੰ ਇਹ ਸਿਹਰਾ ਜਾਂਦਾ ਹੈ ਕਿ ਕੀਤੇ ਫਜ਼ੂਲ ਖਰਚਿਆਂ ਬਾਰੇ ਇਸਦੇ ਇੱਕ ਹੱਥ ਦੀਆਂ ਗੱਲਾਂ ਦਾ ਦੂਜੇ ਹੱਥ ਨੂੰ ਪਤਾ ਨਹੀਂ ਲੱਗਦਾ। ਨਹੀਂ ਤਾਂ ਕੀ ਕਾਰਣ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੌਰਿਆਂ ਅਤੇ ਤੋਹਫਿਆਂ, ਉਸਦੇ ਸਾਬਕਾ ਪ੍ਰਿੰਸੀਪਲ ਸਕੱਤਰ ਜੇਰਾਲਡ ਬੱਟਸ ਦੀ ਮੂਵਿੰਗ, ਅਮਰਜੀਤ ਸਿੰਘ ਸੋਹੀ ਦੇ ਦਫ਼ਤਰ ਦੀ ਸਜਾਵਟ ਅਤੇ ਹੁਣ ਹਰਜੀਤ ਸੱਜਣ ਦੇ ਫੋਟੋਗਰਾਫੀ ਵਰਗੇ ਕਿੱਸੇ ਖਤਮ ਹੋਣ ਦਾ ਨਾਮ ਤੱਕ ਨਹੀਂ ਲੈ ਰਹੇ।

ਆਪਣੇ ਕੰਮਕਾਜ ਦੀ ਜਾਣਕਾਰੀ ਪਬਲਿਕ ਨਾਲ ਸਾਂਝੀ ਕਰਨ ਵਾਸਤੇ ਸਰਕਾਰਾਂ ਨੂੰ ਮੀਡੀਆ ਅਤੇ ਸਰਕਾਰੀ ਮਾਧਿਆਮਾਂ ਰਾਹੀਂ ਦੀ ਵਰਤੋਂ ਕਰਨੀ ਹੁੰਦੀ ਹੈ ਅਤੇ ਕਰਨੀ ਵੀ ਚਾਹੀਦੀ ਹੈ। ਮੁੱਦਾ ਸਰਕਾਰ ਦੇ ਵਾਜਬ ਖਰਚਿਆਂ ਖਰਚੇ ਉੱਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਹੈ ਸਗੋਂ ਲਿਬਰਲ ਮਸ਼ੀਨਰੀ ਦਾ ਕੈਨੇਡੀਅਨਾਂ ਦੇ ਟੈਕਸ ਡਾਲਰਾਂ ਪ੍ਰਤੀ ਸੰਵੇਦਨਸ਼ੀਲ ਨਾ ਹੋਣ ਬਾਰੇ ਹੈ।

## ਤੇਜ਼ ਹਵਾਵਾਂ ਨੇ ਦੱਖਣੀ ਓਨਟਾਰੀਓ ਨੂੰ ਝੰਭਿਆ

...ਪੰਨਾ 1 ਦਾ ਬਾਕੀ

ਵੈਦਰ ਨੈੱਟਵਰਕ ਦੇ ਚੀਫ ਮੌਸਮ ਵਿਗਿਆਨੀ ਕ੍ਰਿਸ ਸਕੌਟ ਨੇ ਐਤਵਾਰ ਦੁਪਹਿਰ ਨੂੰ ਦੱਸਿਆ ਕਿ ਇੱਥੋਂ ਹੀ ਮੁੱਖ ਤੌਰ ਉੱਤੇ ਸਾਡੀ ਚਿੰਤਾ ਸ਼ੁਰੂ ਹੁੰਦੀ ਹੈ। ਸਕੌਟ ਨੇ ਆਖਿਆ ਕਿ ਜਿਨ੍ਹਾਂ ਇਲਾਕਿਆਂ ਵਿੱਚ ਮੌਸਮ ਵਿਗੜਨ ਦੀ ਗੱਲ ਆਖੀ ਜਾ ਰਹੀ ਹੈ ਉੱਥੋਂ ਦੇ ਲੋਕਾਂ ਨੂੰ ਪਹਿਲਾਂ ਹੀ ਤਿਆਰੀ ਕਰ ਲੈਣੀ ਚਾਹੀਦੀ ਹੈ। ਉਨ੍ਹਾਂ ਨੂੰ ਐਮਰਜੰਸੀ ਕਿੱਟਜ਼ ਕੋਲ ਰੱਖਣੀਆਂ ਚਾਹੀਦੀਆਂ ਹਨ ਤੇ ਬਿਜਲੀ ਗੁੱਲ ਹੋਣ ਦੀ ਸੰਭਾਵਨਾਂ ਨੂੰ ਵੇਖਦਿਆਂ ਆਪਣੇ ਸੈੱਲਫੋਨ ਪਹਿਲਾਂ ਹੀ ਚਾਰਜ ਕਰ ਲੈਣੇ ਚਾਹੀਦੇ ਹਨ।

ਹਾਈਡਰੋ ਵੰਨ ਵੱਲੋਂ ਐਤਵਾਰ ਰਾਤ ਨੂੰ 30,000 ਘਰਾਂ ਦੀ ਬਿਜਲੀ ਗੁੱਲ ਹੋਣ ਦੀ ਖਬਰ ਦਿੱਤੀ ਗਈ। ਇਸ ਤੋਂ ਇਲਾਵਾ ਆਵਾਜਾਈ ਪ੍ਰਭਾਵਤ ਹੋਣ ਦੀ ਚੇਤਾਵਨੀ ਵੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਗ੍ਰੈਂਡ ਰਿਵਰ ਕੰਜ਼ਰਵੇਸ਼ਨ ਅਥਾਰਟੀ ਵੱਲੋਂ ਪੂਰਬੀ ਹੈਲਡੀਮੰਡ ਕਾਊਂਟੀ ਤੇ ਨਾਇਗਰਾ ਪੈਨਿਨਸੁਲਾ ਵਿੱਚ ਲੇਕ ਐਰੀ ਦੇ ਨੇੜੇ ਹੜ੍ਹ ਵਰਗੀ ਸਥਿਤੀ ਬਣਨ ਦੀ ਵੀ ਚੇਤਾਵਨੀ ਦਿੱਤੀ ਹੈ।

## ਅਰੁਣਾਚਲ ਪ੍ਰਦੇਸ਼ ਵਿੱਚ ਪੁਲਸ ਗੋਲੀ ਨਾਲ ਇੱਕ ਪ੍ਰਦਰਸ਼ਨਕਾਰੀ ਦੀ ਮੌਤ

ਈਟਾਨਗਰ, 24 ਫਰਵਰੀ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ ਸਰਕਾਰ ਦੇ ਸਿਵਲ ਸਕੱਤਰੇਤ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਮੁਜ਼ਾਹਰਾਕਾਰੀਆਂ ਉੱਤੇ ਪੁਲਸ ਵੱਲੋਂ ਚਲਾਈ ਗੋਲੀ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਲੋਕ ਸਰਕਾਰ ਦੇ ਬਣਾਏ ਇੱਕ ਪੈਨਲ ਵੱਲੋਂ ਗੈਰ ਅਰੁਣਾਚਲੀ ਲੋਕਾਂ ਨੂੰ ਪੱਕੇ ਰਿਹਾਇਸ਼ੀ ਸਰਟੀਫਿਕੇਟ (ਪੀ ਆਰ ਸੀ) ਦੇਣ ਦੀਆਂ ਮੱਦਾਂ 'ਚ ਤਬਦੀਲੀ ਦੀ ਮੰਗ ਲਈ ਅੰਦੋਲਨ ਕਰ ਰਹੇ ਹਨ।

ਅਧਿਕਾਰੀਆਂ ਦੇ ਦੱਸਣ ਮੁਤਾਬਕ ਇਸ ਘਟਨਾ ਪਿੱਛੋਂ ਤਣਾਅ ਕਾਰਨ ਰਾਜਧਾਨੀ ਵਿੱਚ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਫੌਜ ਨੇ ਨਾਹਰਲਾਗੁਨ ਅਤੇ ਈਟਾਨਗਰ ਦੇ ਵਿਚਾਲੇ ਫਲੈਗ ਮਾਰਚ ਕੀਤਾ। ਅਧਿਕਾਰੀਆਂ ਮੁਤਾਬਕ ਕੱਲ੍ਹ ਰਾਤ ਮੁਜ਼ਾਹਰਾਕਾਰੀਆਂ ਨੇ ਸਕੱਤਰੇਤ 'ਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਮਜਬੂਰ ਹੋ ਕੇ ਪੁਲਸ ਨੂੰ ਗੋਲੀ ਚਲਾਉਣੀ ਪਈ। ਇਨ੍ਹਾਂ ਲੋਕਾਂ ਨੇ ਗੁੱਸੇ ਵਿੱਚ 50 ਵਾਹਨਾਂ ਨੂੰ ਅੱਗ ਲਾ ਦਿੱਤੀ ਅਤੇ 100 ਤੋਂ ਵੱਧ ਹੋਰ ਵਾਹਨਾਂ ਦੀ ਭੰਨ ਤੋੜ ਕੀਤੀ ਅਤੇ ਨਾਲ ਹੀ ਆਲ ਅਰੁਣਾਚਲ ਪ੍ਰਦੇਸ਼ ਸਟੂਡੈਂਟਸ ਯੂਨੀਅਨ ਤੇ ਆਲ ਨਿਆਸੀ ਸਟੂਡੈਂਟਸ ਯੂਨੀਅਨ ਦੇ ਦਫਤਰਾਂ ਨੂੰ ਵੀ ਸਾੜ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਛੇ ਆਦਿਵਾਸੀ ਭਾਈਚਾਰਿਆਂ ਨੂੰ ਪੀ ਆਰ ਸੀ ਦੇਣ ਦੀ ਤਸਵੀਜ਼ ਦੇ ਖਿਲਾਫ ਸੂਬੇ ਦੇ ਕੁਝ ਹਿੱਸਿਆਂ ਵਿੱਚ ਚੱਲਦੇ ਵਿਰੋਧ ਪ੍ਰਦਰਸ਼ਨ ਦੌਰਾਨ ਅਰੁਣਾਚਲ ਪ੍ਰਦੇਸ਼ ਦੇ ਲੋਕਾਂ ਨੂੰ ਸ਼ਾਂਤੀ ਰੱਖਣ ਦੀ ਅਪੀਲ ਕੀਤੀ ਹੈ।

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ 99 ਸਾਲਾਂ ਬਾਅਦ ਸ਼ਰਧਾਂਜਲੀ

### * ਵਿਧਾਨ ਸਭਾ ਵਿੱਚ ਪੇਸ਼ ਮਤਾ ਸਰਬ ਸੰਮਤੀ ਨਾਲ ਪਾਸ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ)- ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਜਾਰੀ ਪ੍ਰੋਗਰਾਮ ਤੋਂ ਹਟ ਕੇ ਕੱਲ੍ਹ ਗੈਰ ਸਰਕਾਰੀ ਕੰਮ-ਕਾਜ ਵਾਲੇ ਦਿਨ ਨਨਕਾਣਾ ਸਾਹਿਬ ਦੇ ਸ਼ਹੀਦਾਂ ਬਾਰੇ ਸਰਕਾਰ ਵੱਲੋਂ ਹਾਊਸ ਵਿੱਚ ਲਿਆਂਦੇ ਗਏ ਮਤੇ ਨੂੰ ਸਾਰੀਆਂ ਧਿਰਾਂ ਵੱਲੋਂ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਕੱਲ੍ਹ ਪ੍ਰਸ਼ਨ ਕਾਲ ਅਤੇ ਜ਼ੀਰੋ ਆਵਰ ਪਿੱਛੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਨਨਕਾਣਾ ਸਾਹਿਬ ਦੇ ਗੁਰਦੁਆਰੇ ਤੋਂ ਮਹੰਤ ਨਾਰਾਇਣ ਦਾਸ ਦਾ ਕਬਜ਼ਾ ਛੁਡਾਉਣ ਲਈ ਗਏ ਲਛਮਣ ਸਿੰਘ ਧਾਰੋਵਾਲੀ ਅਤੇ ਛੇ ਹੋਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਮਤਾ ਪੇਸ਼ ਕੀਤਾ। ਲਗਭਗ ਇੱਕ ਘੰਟੇ ਦੀ ਚਰਚਾ ਪਿੱਛੋਂ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਤੇ ਮੈਂਬਰਾਂ ਨੇ ਨਨਕ-ਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ ਅਤੇ ਖੜ੍ਹੇ ਹੋ ਕੇ ਸਦਨ ਵੱਲੋਂ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਵਰਨਣ ਯੋਗ ਹੈ ਕਿ 20-21 ਫਰਵਰੀ 1918 ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਜਿੰਦਾ ਸਾੜ ਕੇ ਸ਼ਹੀਦ ਕਰ ਦਿੱਤਾ ਅਤੇ ਈਸ਼ਰ ਸਿੰਘ, ਮੰਗਲ ਸਿੰਘ, ਆਤਮਾ ਸਿੰਘ ਸਣੇ ਹੋਰ ਛੇ ਸਿੰਘਾਂ ਨੂੰ ਵੀ ਸ਼ਹੀਦ ਕਰ ਦਿੱਤਾ ਸੀ। ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਭਾਈ ਜਾਂਦੀ ਭੂਮਿਕਾ ਤੇ ਬਾਦਲ ਪਰਵਾਰ ਦੇ ਕੰਟਰੋਲ ਦੀ ਵੀ ਆਲੋਚਨਾ ਕੀਤੀ ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਅਕਾਲੀ ਵਿਧਾਇਕਾਂ ਨੇ ਵੀ ਇਸ ਮਤੇ ਦੀ ਹਮਾਇਤ ਕੀਤੀ। ਇਸ ਤੋਂ ਪਹਿਲਾਂ ਚਰਚਾ ਦੌਰਾਨ ਅਕਾਲੀ ਦਲ ਦੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਮੰਗ ਕੀਤੀ ਕਿ ਨਨਕਾਣਾ ਸਾਹਿਬ ਦੇ ਸਾਕੇ ਦੇ ਨਾਲ ਜੈਤੋ ਦੇ ਮੋਰਚੇ ਵਿੱਚ ਸ਼ਹੀਦ ਹੋਏ, ਪੰਜਾ ਸਾਹਿਬ ਦੀਆਂ ਸ਼ਹਾਦਤਾਂ ਅਤੇ 1947 ਦੀ ਵੰਡ ਮੌਕੇ ਲੱਖਾਂ ਪੰਜਾਬੀਆਂ ਦੇ ਕਤਲਾਂ ਬਾਰੇ ਸ਼ਰਧਾਂਜਲੀ ਮਤਾ ਪਾਸ ਕਰ ਕੇ ਉਨ੍ਹਾਂ ਨੂੰ ਵੀ ਯਾਦ ਕਰਨਾ ਬਣਦਾ ਹੈ, ਪਰ ਸਰਕਾਰ ਨੇ ਇਹ ਮਨ੍ਹਾ ਕਰ ਦਿੱਤਾ। ਵਰਨਣ ਯੋਗ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਪਿੰਡ ਧਾਰੋਵਾਲੀ ਤੋਂ ਹਨ ਤੇ ਇਹ ਸਿੰਘ ਸ਼ਹੀਦ ਉਨ੍ਹਾਂ ਦੇ ਦਾਦੇ ਪੜਦਾਦਿਆਂ ਵਿੱਚੋਂ ਸਨ।

## ਸੁਖਾਵੀਂ ਜ਼ਿੰਦਗੀ ਦਾ ਦੁਆਰ

-ਹਰਦੀਪ ਸਿੰਘ ਝੱਜ

ਜ਼ਿੰਦਗੀ ਨੂੰ ਕੱਟ ਤਾਂ ਹਰ ਕੋਈ ਲੈਂਦਾ ਹੈ, ਪਰ ਇਨਸਾਨ ਉਹੀ ਹੈ ਜੋ ਇਸ ਦੇ ਉਤਰਾਵਾਂ ਚੜ੍ਹਾਵਾਂ ਵਿੱਚੋਂ ਗੁਜ਼ਰਦਾ ਹੋਇਆ ਇਕ ਮਿਸਾਲ ਦੇਣ ਯੋਗ ਜ਼ਿੰਦਗੀ ਜਿਉਣ ਦੇ ਸਮਰੱਥ ਬਣ ਕੇ ਵਿਖਾਵੇ। ਮਨੁੱਖ ਦਾ ਦਿਲ ਬੇਪ੍ਰਵਾਹ ਪੰਛੀ ਵਾਂਗ ਹੈ ਜੋ ਆਪਣੇ ਖੰਭਾਂ ਦੀ ਮਦਦ ਨਾਲ ਅਸਮਾਨ ਦੀਆਂ ਉਚਾਈਆਂ ਨੂੰ ਨਾਪਣਾ ਚਾਹੁੰਦਾ ਹੈ, ਪਰ ਉਹ ਭੁੱਲ ਜਾਂਦਾ ਹੈ ਕਿ ਉਸ ਦੀ ਮੰਜ਼ਿਲ ਕੀ ਤੇ ਕਿੱਥੇ ਹੈ, ਕਿਉਂਕਿ ਅਸਮਾਨ ਦੀ ਕੋਈ ਸੀਮਾ ਹੀ ਨਹੀਂ। ਇਹੀ ਗੱਲ ਅੱਜ ਦਾ ਮਨੁੱਖ ਨਹੀਂ ਸਮਝਦਾ ਜਾਂ ਫਿਰ ਉਹ ਸਮਝਣਾ ਨਹੀਂ ਚਾਹੁੰਦਾ। ਇਸੇ ਕਰਕੇ ਉਹ ਇਸ ਉਚਾਈ ਨੂੰ ਨਾਪਦਾ ਹੋਇਆ ਗਵਾਚ ਜਾਂਦਾ ਹੈ ਅਤੇ ਆਪਣੀ ਜ਼ਿੰਦਗੀ ਤੋਂ ਬਹੁਤ ਦੂਰ ਲੰਘ ਜਾਂਦਾ ਹੈ।

ਜ਼ਿੰਦਗੀ ਨੂੰ ਜਿਉਣ ਦਾ ਅਰਥ ਹੈ ਕਿ ਮਨੁੱਖ ਇਸ ਦੇ ਹਰ ਦਿਨ ਨੂੰ ਨਵੇਂ ਤਰੀਕੇ ਨਾਲ ਜੀਵੇ, ਕੁਝ ਇਸ ਤਰ੍ਹਾਂ ਕਿ ਇਹ ਦਿਨ ਉਸ ਦੀ ਜ਼ਿੰਦਗੀ ਦੀ ਯਾਦਗਾਰ ਬਣ ਜਾਵੇ। ਜ਼ਿੰਦਗੀ ਨੂੰ ਜਿਉਣ ਲਈ ਆਤਮ ਵਿਸ਼ਵਾਸ ਅਤੇ ਪਿਆਰ ਦੀ ਬਹੁਤ ਜ਼ਰੂਰਤ ਹੁੰਦੀ ਹੈ। ਅਸਲ ਵਿੱਚ ਇਹ ਦੋਵੇਂ ਚੀਜ਼ਾਂ ਇਕ ਦੂਜੇ ਨਾਲ ਬਹੁਤ ਡੂੰਘੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ। ਜੇ ਇਨਸਾਨ ਵਿੱਚ ਆਤਮ ਵਿਸ਼ਵਾਸ ਹੋਵੇ ਤਾਂ ਉਸ ਵਿੱਚ ਸਹਿਣਸ਼ੀਲਤਾ ਤੇ ਹੌਸਲਾ ਜਦੋਂ ਮਿਲੇਗਾ ਤਾਂ ਲਾਜ਼ਮੀ ਤੌਰ 'ਤੇ ਕੁਝ ਨਵਾਂ, ਪਰ ਚੰਗਾ ਵਾਪਰੇਗਾ।

ਆਤਮ ਵਿਸ਼ਵਾਸ ਕਿਸੇ ਨੂੰ ਵੀ ਜਮਾਂਦਰੂ ਨਹੀਂ ਮਿਲਿਆ ਹੁੰਦਾ, ਸਗੋਂ ਇਹ ਮਨੁੱਖ ਨੂੰ ਆਪਣੇ ਅੰਦਰੋਂ ਖੁਦ ਪੈਦਾ ਕਰਨਾ ਹੁੰਦਾ ਹੈ। ਕਦੇ-ਕਦੇ ਸਾਡੇ ਮਾਂ ਪਿਓ ਜਾਂ ਮਿੱਤਰ ਸਾਨੂੰ ਹੌਸਲਾ ਦਿੰਦੇ ਹਨ, ਜਿਸ ਦੇ ਨਾਲ ਆਤਮ ਵਿਸ਼ਵਾਸ ਪੈਦਾ ਹੁੰਦਾ ਹੈ। ਆਤਮ ਵਿਸ਼ਵਾਸ ਨੂੰ ਵਧਾਉਣ ਲਈ ਪਰਮਾਤਮਾ ਦੀ ਓਟ ਲੈਣੀ ਵੀ ਚੰਗੀ ਹੈ। ਅਸੀਂ ਜਿੰਨਾ ਉਸ ਦਾ ਸਿਮਰਨ ਕਰਾਂਗੇ, ਮਨ ਵਿੱਚ ਅੰਦਰੂਨੀ ਸ਼ਕਤੀ ਦਾ ਵਿਕਾਸ ਓਨਾ ਹੀ ਵਧਦਾ ਜਾਵੇਗਾ।

ਕਦੇ-ਕਦੇ ਅਸੀਂ ਆਪਣੇ ਆਪ ਨੂੰ ਬਹੁਤ ਕਮਜ਼ੋਰ ਤੇ ਛੋਟਾ ਮਹਿਸੂਸ ਕਰਦੇ ਹਾਂ। ਸਾਡੇ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੋ ਗਈ ਹੁੰਦੀ ਹੈ, ਪਰ ਸਾਨੂੰ ਹਮੇਸ਼ਾ ਇਹ ਗੱਲ ਯਾਦ ਰੱਖਣੀ ਹੋਵੇਗੀ ਕਿ ਇਸ ਦੀ ਦਵਾਈ ਕਿਸੇ ਡਾਕਟਰ, ਵੈਦ ਜਾਂ ਹਕੀਮ ਤੋਂ ਨਹੀਂ ਮਿਲੇਗੀ। ਇਸ ਦਾ ਵਿਸਥਾਰ ਸਾਨੂੰ ਆਪਣੇ ਅੰਦਰ ਆਪ ਪੈਦਾ ਕਰਨਾ ਹੋਵੇਗਾ। ਜ਼ਿੰਦਗੀ ਵਿੱਚ ਬਹੁਤ ਵਾਰੀ ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਹਨ ਕਿ ਮਨੁੱਖ ਆਪਣੇ ਆਪ ਨੂੰ ਅੰਦਰੋਂ ਟੁੱਟਿਆ ਮਹਿਸੂਸ ਕਰਦਾ ਹੈ। ਇਹੀ ਅਸਲੀ ਸਮਾਂ ਹੁੰਦਾ ਹੈ ਉਸ ਦੀ ਪ੍ਰੀਖਿਆ ਦਾ। ਜੇ ਇਨਸਾਨ ਇਸ ਸਮੇਂ ਆਪਣੇ ਵਿੱਚ ਹੌਸਲਾ ਤੇ ਆਤਮ ਵਿਸ਼ਵਾਸ ਜੁਟਾ ਲਵੇ ਤਾਂ ਦੁਨੀਆ ਦੀ ਕੋਈ ਤਾਕਤ ਉਸ ਨੂੰ ਕਮਜ਼ੋਰ ਨਹੀਂ ਕਰ ਸਕਦੀ। ਉਹ ਆਪਣੀ ਮੰਜ਼ਿਲ ਪਾ ਕੇ ਰਹਿੰਦਾ ਹੈ। ਉਂਜ ਜ਼ਿੰਦਗੀ ਵਿੱਚ ਜਿੰਨੀਆਂ ਮੁਸੀਬਤਾਂ ਅਤੇ ਦੁੱਖ ਆਉਣਗੇ, ਓਨਾ ਹੀ ਜ਼ਿੰਦਗੀ ਜਿਉਣ ਦਾ ਆਨੰਦ ਵਧਦਾ ਜਾਂਦਾ ਹੈ, ਕਿਉਂਕਿ ਇਨ੍ਹਾਂ ਹਾਲਤਾਂ ਵਿੱਚੋਂ ਲੰਘਦਿਆਂ ਸਾਨੂੰ ਜ਼ਿੰਦਗੀ ਦੇ ਤਜਰਬੇ ਹਾਸਲ ਹੁੰਦੇ ਹਨ।

ਅਗਲੀ ਗੱਲ ਆਉਂਦੀ ਹੈ ਪਿਆਰ ਦੀ। ਪਿਆਰ ਮਨੁੱਖੀ ਸੁਭਾਅ ਦਾ ਅਤਿ ਜ਼ਰੂਰੀ ਹਿੱਸਾ ਹੈ। ਸਾਡੀ ਜ਼ਿੰਦਗੀ ਵਿੱਚ ਵੀ ਇਸ ਦਾ ਇਕ ਅਲੱਗ ਮੁਕਾਮ ਹੈ। ਪਿਆਰ ਹੀ ਹੈ ਜੋ ਮਨੁੱਖ ਨੂੰ ਇਕ ਦੂਜੇ ਨਾਲ ਜੋੜੀ ਰੱਖਦਾ ਹੈ। ਆਪਸ ਵਿੱਚ ਇਕ ਸਾਂਝ ਪੈਦਾ ਕਰਦਾ ਹੈ। ਪਿਆਰ ਦੀ ਲੋਚਾ ਛੋਟੇ ਤੋਂ ਲੈ ਕੇ ਵੱਡੇ ਮਨੁੱਖ ਦੇ ਦਿਲ ਵਿੱਚ ਹੁੰਦੀ ਹੈ। ਜਿਸ ਤਰ੍ਹਾਂ ਅਸੀਂ ਹੋਰਾਂ ਤੋਂ ਆਪਣੇ ਪ੍ਰਤੀ ਪਿਆਰ ਤੇ ਇੱਜ਼ਤ ਦੀ ਆਸ ਰੱਖਦੇ ਹਾਂ ਬਿਲਕੁਲ ਉਸੇ ਤਰ੍ਹਾਂ ਦੂਜੇ ਵੀ ਸਾਡੇ ਤੋਂ ਇਹੀ ਉਮੀਦ ਰੱਖਦੇ ਹਨ। ਕਹਿੰਦੇ ਹਨ ਕਿ ਪਿਆਰ ਵਿੱਚ ਬਹੁਤ ਤਾਕਤ ਹੈ। ਇਸ ਸਬੰਧੀ ਸਾਨੂੰ ਇਕ ਗੱਲ ਦਾ ਖਾਸ ਧਿਆਨ ਰੱਖਣਾ ਹੁੰਦਾ ਹੈ ਕਿ ਜੋ ਪਿਆਰ ਅਸੀਂ ਕਿਸੇ ਪ੍ਰਤੀ ਪ੍ਰਗਟ ਕਰ ਰਹੇ ਹਾਂ, ਉਸ ਵਿੱਚ ਮਿਲਾਵਟ ਨਾ ਹੋਵੇ। ਇਹ ਅਸੀਂ ਜਿੰਨਾ ਕਿਸੇ ਨੂੰ ਦਿਆਂਗੇ ਉਸ ਤੋਂ ਵੱਧ ਕੇ ਸਾਨੂੰ ਮਿਲੇਗਾ। ਕਿਸੇ ਦੇ ਨਾਲ ਵਿਚਰਨ ਵਿੱਚ ਪਿਆਰ ਦੀ ਇਕ ਖਾਸ ਭੂਮਿਕਾ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਅਜਿਹੇ ਲੋਕਾਂ ਨੇ ਪਿਆਰ ਅਤੇ ਆਤਮ ਵਿਸ਼ਵਾਸ ਰਾਹੀਂ ਇਕ ਆਨੰਦ ਭਰਪੂਰ ਅਤੇ ਯਾਦਗਾਰ ਜ਼ਿੰਦਗੀ ਗੁਜ਼ਾਰੀ ਹੈ।

ਇਸ ਦੇ ਨਾਲ ਜ਼ਿੰਦਗੀ ਵਿੱਚ ਜਿਸ ਚੀਜ਼ ਦੀ ਵੱਡੀ ਅਹਿਮੀਅਤ ਹੈ, ਉਹ ਹੈ ਕਿਸੇ ਇਨਸਾਨ ਜਾਂ ਚੀਜ਼ ਵੱਲ ਸਾਡਾ ਨਜ਼ਰੀਆ। ਜਿਸ ਤਰ੍ਹਾਂ ਹਰ ਗੱਲ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਹਰ ਘਟਨਾ ਨੂੰ ਵੇਖਣ ਜਾਂ ਸਮਝਣ ਲਈ ਇਨਸਾਨ ਵਿੱਚ ਆਪਣਾ ਇਕ ਵੱਖਰਾ ਨਜ਼ਰੀਆ ਹੁੰਦਾ ਹੈ। ਸਾਡਾ ਨਜ਼ਰੀਆ ਸਾਡੀ ਸੋਚ 'ਤੇ ਨਿਰਭਰ ਹੈ। ਸਾਡੀ ਸੋਚ ਸਾਕਾਰਤਮਕ ਹੋਵੇਗੀ ਤਾਂ ਜ਼ਿੰਦਗੀ ਪ੍ਰਤੀ ਨਜ਼ਰੀਆ ਵੀ ਉਸਾਰੂ ਹੋਵੇਗਾ। ਜੇ ਅਸੀਂ ਆਪਣੇ ਅਸੂਲਾਂ 'ਤੇ ਚੱਲਦੇ ਹੋਏ ਪੂਰੀ ਮਿਹਨਤ ਨਾਲ ਆਪਣੇ ਉਦੇਸ਼ ਵੱਲ ਵਧਾਂਗੇ ਤਾਂ ਕਿਸਮਤ ਵਰਗੀ ਕੋਈ ਤਾਕਤ ਸਾਨੂੰ ਸਫਲ ਹੋਣ ਤੋਂ ਨਹੀਂ ਰੋਕ ਸਕਦੀ। ਸਾਨੂੰ ਆਪਣੇ ਆਪ ਨੂੰ ਇੰਨਾ ਮਜ਼ਬੂਤ ਬਣਾਉਣਾ ਹੋਵੇਗਾ ਕਿ ਆਪਣੀ ਕਿਸੇ ਵੀ ਅਸਫਲਤਾ ਨੂੰ ਕਿਸਮਤ ਦੇ ਲੜ ਨਾ ਬੰਨ੍ਹੀਏ। ਅਕਸਰ ਲੋਕ ਆਪਣੀ ਸਫਲਤਾ ਨੂੰ ਮਿਹਨਤ ਦਾ ਨਤੀਜਾ ਤੇ ਅਸਫਲਤਾ ਨੂੰ ਕਿਸਮਤ ਦਾ ਧੋਖਾ ਸਮਝਦੇ ਹਨ। ਜੇ ਅਸੀਂ ਪੂਰਾ ਜ਼ੋਰ ਲਗਾ ਕੇ ਹਰ ਕੰਮ ਨੂੰ ਭਰਪੂਰ ਜੋਸ਼, ਉਤਸ਼ਾਹ, ਮਿਹਨਤ ਤੇ ਲਗਨ ਨਾਲ ਕਰਾਂਗੇ ਤਾਂ ਦੁਨੀਆ ਦੀ ਕੋਈ ਵੀ ਤਾਕਤ ਇਥੋਂ ਤੱਕ ਕਿ ਕਿਸਮਤ ਵੀ ਰਾਹ ਨਹੀਂ ਰੋਕੇਗੀ। ਲੋੜ ਹੈ ਤਾਂ ਕਦਮ ਚੁੱਕਣ ਦੀ ਅਤੇ ਲਗਨ ਨਾਲ ਨੇਪਰੇ ਚਾੜ੍ਹਨ ਲਈ ਦ੍ਰਿੜ੍ਹਤਾ ਪੈਦਾ ਕਰਨ ਦੀ। ਆਪਣੀ ਹਾਰ/ ਜਿੱਤ ਨੂੰ 'ਕਿਸਮਤ ਦੀ ਖੇਡ' ਕਹਿ ਕੇ ਇਸ ਦੇ ਪਿੱਛੇ ਆਪਣੀ ਲਗਨ ਅਤੇ ਸਮਰੱਥਾ ਨੂੰ ਲੁਕਾਉਣ ਦਾ ਇਕ ਬਹਾਨਾ ਹੈ, ਇਸ ਤੋਂ ਵੱਧ ਕੁਝ ਵੀ ਨਹੀਂ।




## ਫੋਟੋਆਂ ਜੋਗੇ ਲੋਕ..

– ਤੇਜਿੰਦਰਪਾਲ ਕੌਰ ਮਾਨ

ਅੱਜ ਸਵੇਰ ਦਾ ਮੀਂਹ ਬਹੁਤ ਪੈ ਰਿਹਾ ਸੀ। ਸਾਰਾ ਦਿਨ ਪੈਂਦਾ ਰਿਹਾ। ਕਦੇ ਘੱਟ ਜਾਂਦਾ ਤੇ ਕਦੇ ਵਧ ਜਾਂਦਾ। ਘਰ ਦੇ ਬਾਹਰ ਦੋ ਤਿੰਨ ਔਰਤਾਂ ਆਪਸ ਵਿੱਚ ਗੱਲੀਂ ਲੱਗੀਆਂ ਹੋਈਆਂ। ਇਸ ਗੱਲ ਉਤੇ ਥੋੜ੍ਹਾ ਹਾਸਾ ਵੀ ਆਇਆ- ਬੀਬੀਆਂ ਭੈਣਾਂ ਨੂੰ ਤਾਂ ਬੱਸ ਗੱਲਾਂ ਦਾ ਮੌਕਾ ਚਾਹੀਦੈ, ਇੰਨੇ ਮੀਂਹ ਵਿੱਚ ਵੀ ਥੋੜ੍ਹੀ ਜਿਹੀ ਥਾਂ ਵਿੱਚ ਖੜੀਆਂ ਗੱਲਾਂ ਮਾਰ ਰਹੀਆਂ ਸਨ, ਲਗਾਤਾਰ। ਫਿਰ ਅਚਾਨਕ ਮੇਰੇ ਘਰ ਦਾ ਦਰਵਾਜ਼ਾ ਕਿਸੇ ਨੇ ਆਣ ਖੜਕਾਇਆ। ਸੂਰਜ ਲਹਿਣ ਤੋਂ ਬਾਅਦ ਤ੍ਰਿਕਾਲਾਂ ਪੈ ਚੁੱਕੀਆਂ ਸਨ। 'ਥੋਨੂੰ ਪਤਾ ਲੱਗਾ, ਆਪਣੇ ਗੁਆਂਢੀ ਰਾਜੇਸ਼ ਦੇ ਨੂੰਹ ਪੁੱਤ ਦਾ ਐਕਸੀਡੈਂਟ ਹੋ ਗਿਆ। ਨਾਲ ਚਹੁੰ ਸਾਲਾਂ ਦਾ ਪੋਤਾ ਵੀ ਸੀ।' ਗੁਆਂਢਣ ਨੇ ਆ ਕੇ ਦੱਸਿਆ ਸੀ। ਸਾਰਿਆਂ ਨੂੰ ਜਾਣੀ ਭਾਜੜਾਂ ਪੈ ਗਈਆਂ।

ਉਹ ਤਿੰਨੇ ਜਣੇ ਮੋਟਰ ਸਾਈਕਲ ਉਤੇ ਆ ਰਹੇ ਸਨ। ਮੀਂਹ ਪੈ ਰਿਹਾ ਸੀ। ਉਹ ਰਾਹ ਵਿੱਚ ਕਿਤੇ ਰੁਕਣ ਨਾਲੋਂ ਹੌਲੀ-ਹੌਲੀ ਸ਼ਹਿਰ ਵੱਲ ਆ ਰਹੇ ਸਨ। ਅੱਗੋਂ ਤੇਜ਼ ਰਫਤਾਰ ਆ ਰਿਹਾ ਟਰੈਕਟਰ ਸਿੱਧਾ ਪੂਰੇ ਜ਼ੋਰ ਨਾਲ ਮੋਟਰ ਸਾਈਕਲ ਵਿੱਚ ਵੱਜਾ। ਟੱਕਰ ਤੋਂ ਬਾਅਦ ਟਰੈਕਟਰ ਵਾਲਾ ਟਰੈਕਟਰ ਭਜਾ ਕੇ ਲੈ ਲਿਆ। ਤਿੰਨੇ ਜਣੇ ਸੜਕ ਉਤੇ ਲਹੂ ਲੁਹਾਣ ਹੋਏ ਸਨ। ਮੁੰਡੇ ਦੇ ਸੱਟ ਬਹੁਤ ਗਹਿਰੀ ਲੱਗੀ ਜਾਪਦੀ ਸੀ। ਲਹੂ ਮੀਂਹ ਦੇ ਪਾਣੀ ਵਿੱਚ ਰਲ ਕੇ ਇੰਜ ਲੱਗਦਾ ਸੀ, ਜਿਵੇਂ ਖੂਨ ਦਾ ਛੱਪੜ ਲੱਗ ਗਿਆ ਹੋਵੇ। ਲੋਕ ਆਪੋ ਆਪਣੇ ਮਹਿੰਗੇ ਆਈ ਫੋਨਾਂ ਨਾਲ ਫੋਟੋਆਂ ਖਿੱਚ ਰਹੇ ਸਨ। ਕੋਈ ਹੋਰ ਬੋਲ-ਬੋਲ ਕੇ ਵੀਡੀਓ ਬਣਾ ਰਿਹਾ ਸੀ, 'ਬਾਈ ਜੀ, ਆਹ ਤਿੰਨ ਜਣਿਆਂ ਦਾ ਐਕਸੀਡੈਂਟ ਹੋ ਗਿਆ, ਫਲਾਣੀ ਸੜਕ ਉਤੇ। ਆਹ ਵਿਚਾਰੇ ਇੰਜ ਤੜਫ ਰਹੇ ਨੇ, ਮਾਸੂਮ ਬੱਚਾ ਨਾਲ ਹੈ..।' ਵਗੈਰਾ-ਵਗੈਰਾ..। ਅੰਤ ਉਤੇ 'ਵੀਡੀਓ ਸ਼ੇਅਰ ਕਰੋ' ਦਾ ਸੱਦਾ ਹੈ। ਉਹ ਤਿੰਨੇ ਦਰਦ ਨਾਲ ਕੁਰਲਾਰਹੇ ਸਨ।

ਪਤਨੀ ਸਾਰਿਆਂ ਅੱਗੇ ਹੱਥ ਜੋੜ ਰਹੀ ਸੀ, ਤਰਲੇ ਪਾ ਰਹੀ ਸੀ, 'ਵੀਰ ਬਣ ਕੇ ਸਾਨੂੰ ਹਸਪਤਾਲ ਲੈ ਜੋ, ਮੇਰੇ ਪਤੀ ਦੀ ਹਾਲਤ ਬੜੀ ਖਰਾਬ ਹੋ ਰਹੀ ਆ। ਬੜਾ ਖੂਨ ਵਗ ਰਿਹਾ। ਹਾਏ ਸਾਨੂੰ ਲੈ ਜੋ ਬਾਈ ਬਣ ਕੇ, ਅਸੀਂ ਬਚ ਜਾਵਾਂਗੇ। ਮਿੰਨਤ ਆ ਵੀਰ, ਮੇਰੇ ਪਤੀ ਤੇ ਨਿਆਣੇ ਨੂੰ ਲੈ ਜੋ ਹਸਪਤਾਲ।' ਉਹ ਸੜਕ ਉਤੇ ਰਿੜ੍ਹ-ਰਿੜ੍ਹ ਕੇ ਲੋਕਾਂ ਅੱਗੇ ਹਾੜੇ ਕੱਢ ਰਹੀ ਸੀ, ਪਰ ਕਿਸੇ ਨੂੰ ਕੋਈ ਫਰਕ ਹੀ ਨਾ ਪਿਆ।

ਇੰਨੇ ਨੂੰ ਕੋਈ ਕਾਰ ਆ ਕੇ ਰੁਕੀ। ਉਸ ਕਾਰ ਵਿੱਚੋਂ ਦੋ ਬੰਦੇ ਬਾਹਰ ਆਏ ਤਾਂ ਉਸ ਔਰਤ ਨੇ ਉਨ੍ਹਾਂ ਦੇ ਪੈਰ ਫੜ ਲਏ, 'ਵੀਰ ਬਣ ਕੇ ਮੇਰੇ ਪਤੀ ਅਤੇ ਬੱਚੇ ਨੂੰ ਹਸਪਤਾਲ ਲੈ ਜੋ।' ਉਹ ਭਲੇ ਲੋਕ ਉਨ੍ਹਾਂ ਤਿੰਨਾਂ ਨੂੰ ਹਸਪਤਾਲ ਲੈ ਗਏ। ਡਾਕਟਰਾਂ ਕੋਲ ਪੁੱਜ ਕੇ ਔਰਤ ਦਾ ਕੁਝ ਧੀਰਜ ਬੱਝਿਆ, ਪਰ ਉਸ ਦੇ ਪਤੀ ਦੀ ਮੌਤ ਹੋ ਚੁੱਕੀ ਸੀ ਤੇ ਉਹ ਮਾਂ ਪੁੱਤ ਬਚ ਗਏ ਸਨ। ਉਹਨੂੰ ਆਪਣੇ ਪਤੀ ਦੀ ਮੌਤ ਦਾ ਪਤਾ ਲੱਗਾ ਤਾਂ ਉਸ ਦਾ ਵਿਰਲਾਪ ਕੰਧਾਂ ਰੁਆਉਣ ਵਾਲਾ ਸੀ। ਉਹ ਰੋਂਦੀ ਝੱਲੀ ਨਹੀਂ ਸੀ ਜਾਂਦੀ: 'ਹਾਇ ਮੈਂ ਪੱਟੀ ਗਈ ਵੇ ਲੋਕੋ, ਮੇਰਾ ਘਰ ਉਜੜ ਗਿਆ ਵੇ ਤੁਸੀਂ ਫੋਟੋਆਂ ਜੋਗੇ ਰਹਿ ਗਏ ਵੇਅਅ ਲੋਕਾ, ਨੀ ਮਾਂ ਮੈਂ ਸੁਹਾਗਣ ਰਹਿ ਜਾਂਦੀ, ਕੋਈ ਵੇਲੇ ਨਾਲ ਚੱਕ ਲੈਂਦੇ ਨੀ ਅੰਮੜੀਏ..।'






## 'ਮੇਕ ਇਨ ਇੰਡੀਆ' ਅਤੇ 'ਡਿਜੀਟਲ ਇੰਡੀਆ' ਦਾ ਦੂਜਾ ਪਾਸਾ

ਬਲਦੇਵ ਸਿੰਘ (ਸੜਕਨਾਮਾ)

ਟਰਾਂਸਪੋਰਟ ਕਾਰੋਬਾਰ ਨਾਲ ਸਬੰਧਤ ਹੋਣ ਕਰਕੇ ਕੋਲਕਾਤਾ ਮਹਾਂਨਗਰ ਵਿੱਚ ਮਹੀਨੇ ਵਿੱਚ ਇਕ ਦੋ ਵਾਰ ਸ਼ਮਸ਼ਾਨ ਘਾਟ ਜਾਣਾ ਹੀ ਪੈਂਦਾ ਸੀ। ਕਦੇ ਕੋਈ ਰਾਹਗੀਰ ਆਪਣੀ ਜਾਂ ਦੋਸਤ ਦੀ ਗੱਡੀ ਹੇਠਾਂ ਆ ਗਿਆ ਤਾਂ ਹਮਦਰਦੀ ਵਜੋਂ ਜਾਂ ਕੋਈ ਘਟਨਾ ਕਿਸੇ ਬੜੇ ਨੇੜਲੀ ਪਛਾਣ ਵਾਲੇ ਨਾਲ ਵਾਪਰੀ ਤਾਂ ਨਿੱਜੀ ਦੁੱਖ ਕਰਕੇ ਸ਼ਮਸ਼ਾਨਘਾਟ ਦਾ ਚੱਕਰ ਲੱਗ ਜਾਂਦਾ ਸੀ। ਜਦੋਂ ਵੀ ਕੋਲਕਾਤਾ ਦੇ ਕਾਲੀਘਾਟ ਵਾਲੇ ਸ਼ਮਸ਼ਾਨਘਾਟ ਗਿਆ, ਉਥੇ ਅਕਸਰ ਸਸਕਾਰ ਕਰਨ ਵਾਲੀਆਂ ਲਾਸ਼ਾਂ ਦੀ ਭੀੜ ਵੇਖੀ ਹੈ। ਓਥੇ ਮੁਰਦਿਆਂ ਨੂੰ ਵਾਰੀ ਦੀ ਉਡੀਕ ਕਤਾਰ ਵਿੱਚ ਲੱਗ ਕੇ ਕਰਨੀ ਪੈਂਦੀ ਹੈ। ਬਿਜਲੀ ਦੀਆਂ ਭੱਠੀਆਂ ਦਿਨ ਰਾਤ ਚੱਲਦੀਆਂ ਹਨ। ਉਂਜ ਇਕ ਪਾਸੇ ਲੱਕੜਾਂ ਨਾਲ ਸਸਕਾਰ ਕਰਨ ਦਾ ਪ੍ਰਬੰਧ ਵੀ ਹੈ, ਪਰ ਭੀੜ ਦੋਹੀਂ ਪਾਸੀਂ ਇਕੋ ਜਿਹੀ ਰਹਿੰਦੀ ਹੈ। ਹਰ ਪੰਜ ਦਸ ਮਿੰਟਾਂ ਬਾਅਦ ਕਿਸੇ ਨਾ ਕਿਸੇ ਪਾਸਿਓਂ 'ਹਰੀ ਬੋਲ-ਹਰੀ ਬੋਲ, ਰਾਮ ਨਾਮ ਸੱਤ ਹੈ..' ਦੀਆਂ ਆਵਾਜ਼ਾਂ ਸੁਣਦੀਆਂ ਅਤੇ ਮੁਰਦਿਆਂ ਦੀ ਕਤਾਰ ਵਿੱਚ ਵਾਧਾ ਹੁੰਦਾ ਜਾਂਦਾ ਹੈ। ਅਜਿਹੀ ਥਾਂ ਆ ਕੇ ਏਨੇ ਮੁਰਦੇ ਵੇਖ ਕੇ ਰੋਂਦੇ ਕੁਰਲਾਉਂਦੇ ਸਕੇ ਸਬੰਧੀ ਵੇਖ ਕੇ ਆਪਣਾ ਦੁੱਖ ਘੱਟ ਜਾਪਦਾ ਹੈ। ਉਮਰ ਅਤੇ ਸਮਾਜ ਦੇ ਹਰ ਵਰਗ ਦੀਆਂ ਲਾਸ਼ਾਂ ਇਥੇ ਆਉਂਦੀਆਂ ਹਨ। ਕੀਮਤੀ ਦੁਸ਼ਾਲਿਆਂ ਵਿੱਚ ਲਪੇਟੀਆਂ ਹੋਈਆਂ ਵੀ ਤੇ ਜਿਨ੍ਹਾਂ ਨੂੰ ਖੱਫਣ ਨਸੀਬ ਨਹੀਂ ਹੁੰਦਾ, ਉਹ ਲਾਸ਼ਾਂ ਵੀ। ਇਥੇ ਆ ਕੇ ਬੰਦਾ ਸੋਚਦਾ ਹੈ ਕਿ ਮੌਤ ਦਾ ਜਬਾੜਾ ਬਹੁਤ ਭਿਆਨਕ ਹੈ। ਬੰਗਾਲੀ ਲੋਕ ਆਪਣੇ ਬੱਚਿਆਂ ਨੂੰ ਸ਼ਮਸ਼ਾਨਘਾਟ ਉਚੇਚਾ ਲੈ ਕੇ ਆਉਂਦੇ ਹਨ। ਸਸਕਾਰ ਕਰਨ ਦੇ ਸਿਸਟਮ ਦੀ ਬੱਚਿਆਂ ਨੂੰ ਜਾਣਕਾਰੀ ਦਿੰਦੇ ਹਨ। ਪੰਜਾਬ ਵਿੱਚ ਮਾਵਾਂ ਬੱਚਿਆਂ ਨੂੰ ਡਰਾਉਂਦੀਆਂ ਹਨ ਕਿ ਸਿਵਿਆਂ ਕੋਲੋਂ ਨਾ ਲੰਘੀਂ ਪੁੱਤ, ਭੂਤ ਮਗਰ ਲੱਗ ਜਾਣਗੇ।

ਖੈਰ ਇਕ ਵਾਰ ਆਪਣੇ ਦੋਸਤ ਦੇ ਰਿਸ਼ਤੇਦਾਰ ਦੇ ਸਸਕਾਰ ਵੇਲੇ ਕਾਲੀਘਾਟ ਸ਼ਮਸ਼ਾਨਘਾਟ ਗਿਆ ਸਾਂ। ਮੁਰਦਿਆਂ ਦੀ ਲੰਮੀ ਕਤਾਰ ਸਾਡੇ ਤੋਂ ਅੱਗੇ ਸੀ। ਮੈ ਸੁਭਾਵਕ ਹੀ ਇਹ ਸੋਚ ਕੇ ਕਿ ਕਿੰਨਾ ਸਮਾਂ ਲੱਗੇਗਾ, ਲਾਸ਼ਾਂ ਦੀ ਗਿਣਤੀ ਕਰਨ ਲੱਗਾ। ਸਾਡਾ ਚੌਦ੍ਹਵਾਂ ਨੰਬਰ ਸੀ। ਇਕ ਲਾਸ਼ ਦਾ ਸਸਕਾਰ ਕਰਨ ਲਈ 45 ਕੁ ਮਿੰਟ ਲੱਗਦੇ ਹਨ। ਇਸ ਹਿਸਾਬ ਨਾਲ ਰਾਤ ਦੇ 10 ਕੁ ਵਜੇ ਸਾਡੀ ਵਾਰੀ ਆਉਣ ਦੀ ਉਮੀਦ ਸੀ। ਅਸੀਂ ਕੁਝ ਜਣੇ ਬਾਹਰ ਖੁੱਲ੍ਹੇ ਥਾਂ ਆ ਬੈਠੇ। ਸ਼ਮਸ਼ਾਨਘਾਟ ਦੇ ਅੰਦਰ ਰੋਣ ਕੁਰਲਾਉਣ ਹੀ ਤਾਂ ਸੀ। ਉਂਜ ਵੀ ਇਥੇ ਆਇਆ ਹਰ ਮਨੁੱਖ ਸੋਚਦਾ ਹੈ, ਕਾਹਦੇ ਵਾਸਤੇ ਬੰਦਾ ਮਾਇਆ ਨੂੰ ਜੱਫੇ ਪਾਈ ਜਾਂਦੈ, ਠੱਗੀਆਂ ਮਾਰੀ ਜਾਂਦੈ, ਘਪਲੇ ਕਰੀ ਜਾਂਦੈ, ਇਕ ਪਲਾਟ ਦੋ ਪਲਾਟ, ਤਿੰਨ ਪਲਾਟ, ਸਬਰ ਈ ਨ੍ਹੀਂ। ਅੰਤ ਨੂੰ ਦੇਖ ਲਓ ਇਥੇ ਈ ਆਉਂਦੈ। ਇਕ ਦੋਸਤ ਨੇ ਕਿਹਾ, 'ਦੇਖ ਲੋ ਆਹ ਪਏ ਐ ਸਾਰੇ, ਹੈ ਕੋਈ ਇਨ੍ਹਾਂ ਨੂੰ ਫਿਕਰ? ਨਾ ਕਿਸ਼ਤ ਟੁੱਟੀ ਦਾ ਝੋਰਾ, ਨਾ ਟਾਇਰ ਪਾਟਣ ਦਾ ਡਰ। ਤਾਂ ਹੀ ਕਹਿੰਦੇ ਐ, ਬੰਦਾ ਪੂਰਾ ਹੋ ਗਿਆ।'

ਸਾਡੇ ਨਾਲ ਦਾ ਇਕ ਅਚਾਨਕ ਬੋਲਿਆ, 'ਮੈਂ ਤਾਂ ਯਾਰ ਡਰੈਵਰ ਨੂੰ ਬੀਮਾ ਫੜਾ ਕੇ ਆਉਣਾ ਸੀ। ਕਾਹਲੀ 'ਚ ਮੇਰੇ ਕੋਲ ਈ ਰਹਿ ਗਿਆ। ਜੇ ਗੱਡੀ ਦਾ ਚਲਾਣ ਹੋ ਗਿਆ ਫੇਰ?' ਸਾਡੇ ਰੋਕਦਿਆਂ ਵੀ 'ਹੁਣੇ ਆਇਆ' ਆਖ ਕੇ ਤੁਰ ਗਿਆ।

'ਇਥੇ ਆ ਕੇ ਵੀ ਜਿਉਂਦੇ ਬੰਦੇ ਨੂੰ ਬੀਮਿਆਂ ਦਾ ਫਿਕਰ ਨ੍ਹੀਂ ਛੱਡਦਾ।' ਇਕ ਹੋਰ ਬੋਲਿਆ।

ਅਸੀਂ ਗੱਲੀਂ ਪਏ ਹੋਏ ਸਾਂ, ਸ਼ਮਸ਼ਾਨਘਾਟ ਅੰਦਰ ਅਚਾਨਕ ਰੌਲਾ ਸੁਣਿਆ। ਪਤਾ ਕੀਤਾ ਜਿਸ ਮੁਰਦੇ ਦਾ ਸਸਕਾਰ ਕਰਨ ਦੀ ਵਾਰੀ ਸੀ, ਉਸ ਦੇ ਵਾਰਸਾਂ ਦਾ ਪਤਾ ਨਹੀਂ ਸੀ ਲੱਗ ਰਿਹਾ। ਸਸਕਾਰ ਕਰਨ ਦੀ ਫੀਸ ਵਾਲੀ ਪਰਚੀ ਵੀ ਕਿਸੇ ਕੋਲ ਨਹੀਂ ਸੀ। ਉਸ ਦੇ ਬਾਅਦ ਦੀ ਲਾਸ਼ ਵਾਲੇ ਰੌਲਾ ਪਾ ਰਹੇ ਸਨ, ਇਸ ਨੂੰ ਪਾਸੇ ਹਟਾ ਕੇ ਸਾਨੂੰ ਨੰਬਰ ਦੇ ਦਿਓ, ਪਰ ਉਥੇ ਕੰਮ ਕਰਦੇ ਕਰਮਚਾਰੀ ਪਹਿਲਾਂ ਪੂਰੀ ਪੜਤਾਲ ਕਰਨੀ ਚਾਹੁੰਦੇ ਸਨ। ਬਾਅਦ ਵਾਲੇ ਜ਼ਿੱਦ ਕਰ ਰਹੇ ਸਨ। 'ਪਹਿਲਾਂ ਸਾਡੀ ਲਾਸ਼ ਦਾ ਸਸਕਾਰ ਕਰੋ, ਫੇਰ ਇਨ੍ਹਾਂ ਨੂੰ ਲੱਭਦੇ ਰਹਿਣਾ।' ਅਸੀਂ ਹੈਰਾਨ ਸਾਂ, ਇਥੇ ਮੁਰਦਿਆਂ ਦੇ ਸਸਕਾਰ ਪਿੱਛੇ ਵੀ ਝਗੜਾ ਹੋ ਰਿਹੈ ਤੇ ਅਸੀਂ ਜਿਉਂਦੇ ਜੀ ਐਵੇਂ ਉਪਰਾਮ ਹੋਈ ਜਾਨੇ ਆਂ।

ਆਸ ਪਾਸ, ਬਾਹਰ ਲੱਕੜਾਂ ਵਾਲੇ ਸ਼ਮਸ਼ਾਨਘਾਟ ਵੱਲ ਵੀ ਮੁਰਦੇ ਦੇ ਵਾਰਸਾਂ ਨੂੰ ਲੱਭਿਆ ਗਿਆ। ਉਹ ਕਿਤੇ ਨਹੀਂ ਮਿਲੇ। ਇਸ ਤਰ੍ਹਾਂ ਸਸਕਾਰ ਨਹੀਂ ਹੋ ਸਕਣਾ। ਉਸ ਲਾਸ਼ ਨੂੰ ਕਤਾਰ ਵਿੱਚੋਂ ਹਟਾ ਕੇ ਪਾਸੇ ਰੱਖ ਦਿੱਤਾ। ਮੈਂ ਮੁਰਦਾ ਘਾਟ ਦੇ ਇਕ ਕਰਮਚਾਰੀ ਤੋਂ ਜਾਣਨਾ ਚਾਹਿਆ 'ਇਸ ਲਾਵਾਰਿਸ ਲਾਸ਼ ਦਾ ਕੀ ਕਰੋਗੇ?'

'ਸਵੇਰੇ ਤੱਕ ਵੇਖਾਂਗੇ। ਫਿਰ ਕਾਰਪੋਰੇਸ਼ਨ ਨੂੰ ਇਸ ਦੀ ਸੂਚਨਾ ਦਿਆਂਗੇ। ਥਾਣੇ ਰਿਪੋਰਟ ਕਰਾਂਗੇ। ਫਿਰ ਲਾਵਾਰਿਸ ਕਰਾਰ ਦੇ ਕੇ ਇਸ ਨੂੰ ਲੱਕੜਾਂ ਵਾਲੇ ਪਾਸੇ ਸਰਕਾਰੀ ਖਰਚ ਉੱਤੇ ਜਲਾ ਦਿਆਂਗੇ ਜਾਂ ਕਿਸੇ ਮੈਡੀਕਲ ਕਾਲਜ ਵਿੱਚ ਬਾਡੀ ਭੇਜ ਦਿਆਂਗੇ।' ਕਰਮਚਾਰੀ ਨੇ ਲਾਪਰਵਾਹੀ ਨਾਲ ਦੱਸਿਆ।

'ਪਹਿਲਾਂ ਵੀ ਕਦੇ ਇਸ ਤਰ੍ਹਾਂ ਹੋਇਐ?'

'ਅਨੇਕ ਬਾਰ ਸ਼ੋਰਦਾਰ ਜੀ। ਵਾਰਸ ਆਉਂਦੇ ਨੇ। ਮੁਰਦੇ ਨੂੰ ਜਲਾਉਣ ਦੀ ਫੀਸ ਜਮ੍ਹਾਂ ਕਰਵਾਉਣ ਜੋਗੇ ਪੈਸੇ ਵੀ ਉਨ੍ਹਾਂ ਕੋਲ ਨਹੀਂ ਹੁੰਦੇ। ਉਹ ਥੋੜ੍ਹੀ ਦੇਰ ਮੁਰਦੇ ਕੋਲ ਬੈਠ ਕੇ ਵਿਰਲਾਪ ਕਰਦੇ ਨੇ। ਉਸ ਦੇ ਸਿਰਹਾਣੇ ਧੂਫ ਬੱਤੀ ਜਲਾਉਂਦੇ ਹਨ। ਜੇ ਲਾਸ਼ਾਂ ਦੀ ਭੀੜ ਨਹੀਂ ਤਾਂ ਭੀੜ ਹੋਣ ਤੱਕ ਇੰਤਜ਼ਾਰ ਕਰਦੇ ਹਨ। ਫਿਰ ਮੁਰਦੇ ਨੂੰ ਕਤਾਰ ਵਿੱਚ ਲਗਾ ਕੇ ਇਕ-ਇਕ, ਦੋ-ਦੋ ਕਰ ਕੇ ਖਿਸਕ ਜਾਂਦੇ ਹਨ।'

ਮੇਰੇ ਭਾਰਤ ਮਹਾਨ ਦੇ ਮਹਾਂਨਗਰਾਂ ਵਿੱਚ ਜਿਥੇ ਗਗਨ ਛੂੰਹਦੀਆਂ ਇਮਾਰਤਾਂ ਦੀ ਚਕਾਚੌਂਧ ਹੈ ਜਾਂ ਸਿਰਫ 8-10 ਘਰਾਣਿਆਂ ਕੋਲ ਬਾਕੀ ਸਾਰੇ ਭਾਰਤ ਦੀ ਕੁੱਲ ਵਸੋਂ ਦੇ ਸਰਮਾਏ ਤੋਂ ਵੱਧ ਸਰਮਾਇਆ ਹੈ, ਜਿਥੇ ਸਾਡੇ ਮਹਾਨ ਨੇਤਾ 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ', 'ਸਟੈਂਡ ਅਪ ਇੰਡੀਆ', 'ਸਟਾਰਟ ਅਪ ਇੰਡੀਆ' ਦਾ ਰਾਗ ਅਲਾਪਦੇ ਹਨ, ਉਥੇ ਇਕ ਅਜਿਹਾ ਇੰਡੀਆ ਵੀ ਹੈ, ਜਿਨ੍ਹਾਂ ਦੇ ਘਰੀਂ ਕਈ ਵਾਰ ਇਕ ਡੰਗ ਦਾ ਚੁੱਲ੍ਹਾ ਨਹੀਂ ਬਲਦਾ ਅਤੇ ਜਿਨ੍ਹਾਂ ਲੋਕਾਂ ਨੂੰ ਆਪਣੇ ਸਦਾ ਲਈ ਵਿਛੜ ਗਏ ਪਿਆਰਿਆਂ ਨੂੰ ਲਾਵਾਰਿਸ ਛੱਡ ਕੇ ਆਉਣ ਲਈ ਮਜਬੂਰ ਹੋਣਾ ਪੈਂਦਾ ਹੈ।

# ਦਾਜ ਦੇ ਬਦਲੇ-ਬਦਲੇ ਰੰਗ..


-ਜੋਧ ਸਿੰਘ ਮੋਗਾ

ਵੱਡੀ ਖਬਰ ਫੋਟੋ ਸਮੇਤ ਛਪੀ ਹੁੰਦੀ ਹੈ 'ਵਿਆਹ ਬਿਲਕੁਲ ਸਾਦਾ ਕਰਾਇਆ, ਗੁਰ ਮਰਿਆਦਾ ਅਨੁਸਾਰ ਬਿਨਾਂ ਖਰਚ ਅਤੇ ਦਾਜ ਦੇ।' ਗੁਰ ਮਰਿਆਦਾ ਵਾਲੀ ਗੱਲ ਤਾਂ ਬਿਲਕੁਲ ਠੀਕ ਹੋਵੇਗੀ, ਪਰ ਬਿਨਾਂ ਦਾਜ ਦਹੇਜ ਵਾਲੀ ਗੱਲ ਅਜੇ ਮੇਰੇ ਮਨ ਨੂੰ ਨਹੀਂ ਲੱਗਦੀ। ਕੀ ਬਹੁਤੇ ਆਧੁਨਿਕ ਕਹਾਉਣ ਵਾਲੇ, ਬਹੁਤੇ ਪੜ੍ਹੇ ਲਿਖੇ, ਬਹੁਤੇ ਖਾਂਦੇ ਪੀਂਦੇ ਅਤੇ ਕਚਹਿਰੀ ਵਿਆਹ ਕਰਾਉਣ ਵਾਲੇ ਸੱਚਮੁੱਚ ਦਾਜ ਲੈਣਾ ਛੱਡ ਚੱਲੇ ਹਨ? ਜੇ ਇਹ ਸੱਚ ਹੈ ਤਾਂ ਸਮਾਜ ਦੀ ਖੁਸ਼ਕਿਸਮਤੀ ਹੈ। ਹਾਂ, ਇਹ ਜ਼ਰੂਰ ਦਿਸਦਾ ਹੈ ਕਿ ਦਾਜ ਨੇ ਵੀ ਸਮੇਂ ਅਨੁਸਾਰ ਆਪਣੀ ਪੁਸ਼ਾਕ ਅਤੇ ਰੰਗ ਬਦਲ ਲਿਆ ਹੈ, ਪਰ ਅੰਦਰ ਉਹੀ ਕੁਝ ਹੈ, ਜੋ ਅੱਜ ਤੋਂ ਅੱਠ ਨੌਂ ਦਹਾਕੇ ਪਹਿਲਾਂ ਹੁੰਦਾ ਸੀ।

ਜ਼ਰਾ ਪੁਰਾਣੇ ਦਾਜ ਦੀ ਗੱਲ ਕਰ ਲਈਏ? ਮੈਂ ਸੱਤਰ ਕੁ ਸਾਲ ਪਹਿਲਾਂ ਵਿਆਹ ਕੀਤੇ, ਕਰਾਏ ਅਤੇ ਹੁੰਦੇ ਦੇਖੇ ਵੀ ਹਨ, ਜਦੋਂ ਦਾਜ ਦੀ ਬੜੀ ਚਰਚਾ ਹੁੰਦੀ ਸੀ ਤੇ ਅੱਜ ਵੀ ਦੇਖੀਦੇ ਹਨ, ਤੁਸੀਂ ਵੀ ਦੇਖਦੇ ਹੋ। ਸਮਾਂ ਬਦਲਿਆ ਹੈ ਤੇ ਦਾਜ ਦਾ ਰੂਪ ਵੀ। ਕੁੜੀ ਦੇ ਮਾਤਾ ਪਿਤਾ, ਭੈਣ-ਭਰਾ, ਰਿਸ਼ਤੇਦਾਰ ਜੋ ਕੁਝ ਧੀ ਨੂੰ ਦਿੰਦੇ ਸਨ, ਉਸ ਨੂੰ ਦਾਜ ਕਿਹਾ ਜਾਂਦਾ ਹੈ। ਖਾਂਦੇ ਪੀਂਦੇ ਘਰਾਂ ਦੀਆਂ ਧੀਆਂ ਦੇ ਦਾਜ ਦਾ ਕੰਮ ਲੰਮਾ ਚੌੜਾ ਹੁੰਦਾ ਸੀ। ਦੋ ਤਿੰਨ ਸਾਲ ਪਹਿਲਾਂ ਤਿਆਰੀ ਚੱਲ ਪੈਂਦੀ ਸੀ। ਕੁੜੀ, ਉਸ ਦੀਆਂ ਭੈਣਾਂ, ਭਰਜਾਈਆਂ, ਸਹੇਲੀਆਂ, ਫੁਲਕਾਰੀਆਂ, ਦਸੂਤੀ ਦੀਆਂ ਚਾਦਰਾਂ, ਸਰਹਾਣੇ, ਨਾਲੇ, ਪੱਖੀਆਂ, ਕਰੋਸ਼ੀਏ ਦਾ ਕੰਮ ਰਲ ਮਿਲ ਕੇ ਕਰ ਲੈਂਦੀਆਂ। ਦਰੀਆਂ ਬੁਣਦੀਆਂ ਸਨ, ਪੈਂਜੇ ਬੈਠਦੇ ਸਨ, ਰਜਾਈਆਂ ਗਦੈਲੇ ਨਗੰਦੇ ਜਾਂਦੇ ਸਨ। ਗਹਿਣੇ ਵੀ ਵਿੱਤ ਅਨੁਸਾਰ ਬਣ ਜਾਂਦੇ ਸਨ, ਕੁੜਮਾਂ ਤੇ ਰਿਸ਼ਤੇਦਾਰਾਂ ਲਈ ਤਿਉਰ ਅਤੇ ਨਾਲ ਖੇਸ ਵੀ ਜੁੜਦੇ ਸਨ। ਫੇਰ ਭਾਂਡੇ ਟੀਂਡੇ ਅਤੇ ਹੋਰ ਬੜਾ ਕੁਝ। ਦਰਜੀ ਤਾਂ ਘਰ ਬੈਠਦਾ ਹੀ ਸੀ।

ਸਮੇਂ ਦੀ ਚਾਲ ਨੇ ਹੌਲੀ-ਹੌਲੀ ਹੋਰ ਕਈ ਕੁਝ ਜੋੜ ਦਿੱਤਾ। ਸੰਦੂਕ ਦੀ ਥਾਂ ਲੋਹੇ ਦੀ ਪੇਟੀ, ਮੇਜ਼ ਕੁਰਸੀ, ਨਵਾਰੀ ਸ਼ੀਸ਼ੇ ਵਾਲਾ ਪਲੰਘ, ਸਾਈਕਲ ਤੇ ਸਿਲਾਈ ਮਸ਼ੀਨ ਆਦਿ। ਜਿੰਨਾ ਚਿਰ ਇਹ ਕੁੜੀ ਦੇ ਘਰ ਰਹਿੰਦਾ ਦਾਜ ਅਖਵਾਉਂਦਾ, ਪਰ ਮੁੰਡੇ ਦੇ ਘਰ ਜਾ ਕੇ ਇਸ ਨੂੰ 'ਖੱਟ' ਕਹਿੰਦੇ ਤੇ ਬੋਲੀ ਪੈਂਦੀ 'ਖੱਟਣ ਗਏ ਸੀ ਕੀ ਖੱਟ ਲਿਆਂਦਾ, ਖੱਟ ਕੇ ਲਿਆਂਦੀ.।'

ਉਸ ਸਮੇਂ ਵਰੀ, ਦਾਜ ਅਤੇ ਖੱਟ ਪਿੰਡ ਨੂੰ ਦਿਖਾਇਆ ਜਾਂਦਾ ਸੀ। ਦੋਹੀਂ ਪਾਸੀਂ ਪੂਰੀ ਨੁਮਾਇਸ਼ ਲਾਈ ਜਾਂਦੀ ਸੀ। ਨਾਈ ਜਾਂ ਵਿਚੋਲਾ ਬਰਾਤੀਆਂ ਨੂੰ ਦਾਜ ਦਿਖਾਈ ਦਾ ਸੱਦਾ ਦੇ ਆਉਂਦਾ ਸੀ। ਜ਼ਿੰਮੇਵਾਰ ਬਜ਼ੁਰਗ ਇਸਤਰੀਆਂ ਦੀ ਦੱਸਣ ਦੀ ਡਿਊਟੀ ਲੱਗੀ ਹੁੰਦੀ ਸੀ, 'ਇਹ ਸੱਸ ਦੀ ਛਾਪ ਹੈ, ਇਹ ਸਹੁਰੇ ਦੀ। ਇਹ ਤਿਉਰ ਸੱਸ ਦਾ, ਇਹ ਦਦੇਸ ਦਾ, ਇਹ ਮਮੇਸ ਦਾ, ਇਹ ਫਫੇਸ ਦਾ।' ਮਾਮੇ ਦਾ ਕੰਬਲ ਨਾਲ ਖਾਸ



ਮਾਣ ਕੀਤਾ ਜਾਂਦਾ ਸੀ। ਉਨ੍ਹੀਂ ਦਿਨੀਂ ਇਸਤਰੀਆਂ ਬਰਾਤ ਨਹੀਂ ਸੀ ਜਾਂਦੀਆਂ, ਨਹੀਂ ਤਾਂ ਤਿਉਰ ਦੇਖ ਕੇ ਉਥੇ ਹੀ ਨੱਕ ਬੁੱਲ੍ਹ ਵੱਟ ਜਾਂਦੇ। ਸਮਾਂ ਪਾ ਕੇ ਅਣਬਣ ਦੀਆਂ ਘਟਨਾਵਾਂ ਕਾਰਨ ਲੋਕ ਦਾਜ ਅਤੇ ਵਰੀ ਦੀਆਂ ਲਿਖਤੀ ਲਿਸਟਾਂ ਵੀ ਲੈਣ ਲੱਗ ਪਏ। ਓਦੋਂ ਚੰਗੇ ਘਰਾਂ ਦੇ ਦਾਜ ਦਾ ਖਰਚ ਵੀ ਸੈਂਕੜੇ ਅਤੇ ਹਜ਼ਾਰਾਂ 'ਚ ਹੋ ਜਾਂਦਾ ਸੀ, ਜਦੋਂ ਦੁੱਧ ਰੁਪਏ ਦਾ ਦਸ ਸੇਰ ਆਉਂਦਾ ਸੀ। ਜ਼ਰਾ ਕੈਲਕੁਲੇਟਰ ਲਾ ਕੇ ਦੇਖਿਓ, ਅੱਜ ਦੇ ਲੱਖਾਂ ਬਣ ਜਾਣਗੇ। ਵਿਆਹੀ ਕੁੜੀ ਦੇ ਨਾਲ ਨੈਣ ਜਾਂ ਵਿਚੋਲਣ ਵੀ ਆਉਂਦੀ ਸੀ। ਨਵੀਂ ਵਹੁਟੀ ਨੂੰ ਆਂਢ ਗੁਆਂਢ ਸ਼ਗਨ ਪਾਉਂਦੇ ਸਨ, ਠੂਠੀ ਅਤੇ ਵਿੱਚ ਇਕ ਆਨਾ ਸ਼ਗਨ ਦਾ। ਮੈਨੂੰ ਯਾਦ ਹੈ ਕਿ ਮੇਰੇ ਮਾਤਾ ਜੀ ਨੇ ਇਕ ਨਵੀਂ ਵਹੁਟੀ ਨੂੰ ਠੂਠੀ ਵਿੱਚ ਦੁਆਨੀ ਸ਼ਗਨ ਪਾ ਦਿੱਤਾ। ਗੁਆਂਢਣਾਂ ਨੇ ਬੜਾ ਗੁੱਸਾ ਕੀਤਾ। ਉਨ੍ਹਾਂ ਆਖਿਆ 'ਬੀਬੀ ਜੀ ਤੁਸੀਂ ਦੁਆਨੀ ਸ਼ਗਨ ਪਾ ਕੇ ਸਾਡੀ ਲਾਹ ਕੇ ਰੱਖ ਦਿੱਤੀ, ਸਾਡੀ ਹੇਠੀ ਕਰਾ ਦਿੱਤੀ।' ਉਸ ਸਮੇਂ ਦੁਆਨੀ ਵੀ ਬੜੀ ਚੀਜ਼ ਸੀ।

ਅੱਜ ਦੇ ਦਾਜ ਅਤੇ ਖੱਟ ਦੀ ਗੱਲ ਸੰਖੇਪ ਹੀ ਕਰਨੀ ਚਾਹੀਦੀ, ਇਹ ਤਾਂ ਤੁਸੀਂ ਰੋਜ਼ ਅੱਖੀਂ ਦੇਖਦੇ ਹੋ ਅਤੇ ਸ਼ਾਇਦ ਕਰਦੇ ਵੀ ਹੋਵੇ। ਕਿਹਾ ਜਾਂਦਾ ਹੈ ਕਿ ਆਪਾਂ ਅਗਾਂਹਵਧੂ ਵਿਚਾਰਾਂ ਦੇ ਤੇ ਪੜ੍ਹੇ ਲਿਖੇ ਹਾਂ, ਇਸ ਲਈ ਵਿਆਹ ਸਾਦਾ ਕਰਨਾ ਹੈ ਅਤੇ ਬਿਨਾਂ ਦਾਜ ਦਹੇਜ ਦੇ। ਬਰਾਤ ਦੇ ਸਿਰਫ ਪੰਜ ਬੰਦੇ ਆਉਣਗੇ। (ਸ਼ਾਇਦ ਹੈਲੀਕੌਪਟਰ 'ਤੇ ਜਾਂ ਬੜੀ ਲੰਮੀ ਫੁੱਲਾਂ ਲੱਦੀ ਕਾਰ 'ਤੇ) ਠੀਕ, ਬੜੀ ਵਧੀਆ ਗੱਲ ਹੈ, ਪਰ ਮਗਰੋਂ ਜਿਸ ਨੂੰ ਰਿਸੈਪਸ਼ਨ ਕਹਿੰਦੇ ਹਨ ਘੱਟੋ-ਘੱਟ ਪੰਜ ਸੌ ਬੰਦਾ ਹੁੰਦਾ ਹੈ, ਉਹ ਵੀ ਕਿਸੇ ਵੱਡੇ ਮੈਰਿਜ ਮਹੱਲ ਵਿੱਚ ਅਤੇ ਘਰੋਂ ਕਈ ਮੀਲ ਦੂਰ। ਪਹਿਲਾਂ ਮੁਕਾਈ ਗੱਲ ਅਨੁਸਾਰ ਖਰਚਾ ਦੋਵਾਂ ਧਿਰਾਂ ਦਾ ਜਾਂ ਅੱਧੋ-ਅੱਧ। ਵਿਆਹ ਸਮੇਂ ਹੋਰ ਸਾਮਾਨ, ਦਾਜ ਅਤੇ ਫਰਨੀਚਰ ਨਹੀਂ ਲਿਆ, ਹਾਂ ਬੈਂਕ ਦੀ ਪਰਚੀ ਜਿਹੀ ਜ਼ਰੂਰ ਲਈ ਹੈ। ਫੁਲਕਾਰੀ ਵਾਲੀ ਕਾਰ ਤਾਂ ਮੰਗਣੇ 'ਤੇ ਹੀ ਆਈ ਸੀ ਅਤੇ ਫਰਿੱਜ? ਉਹ ਹਾਂ ਮੁੰਦਰੀ ਪੁਆਈ 'ਤੇ ਆਇਆ ਸੀ। ਸਾਈਕਲ ਨੇ ਵੀ ਰੂਪ ਵਟਾ ਲਿਆ ਹੈ, ਅੱਜ ਕੱਲ੍ਹ ਉਸ ਵਿੱਚ ਪੈਟਰੋਲ ਪੈਂਦਾ ਅਤੇ ਨੰਬਰ ਪਲੇਟ ਵੀ ਲੱਗਦੀ ਹੈ। ਦੁਆਨੀ ਵਾਲੀ ਠੂਠੀ ਬੰਦ ਲਿਫਾਫਾ ਸ਼ਗਨ ਬਣ ਗਈ ਜਾਂ ਰੰਗ ਬਿਰੰਗੇ ਚਮਕੀਲੇ ਕਾਗਜ਼ ਵਿੱਚ ਲਪੇਟਿਆ ਬੰਦ ਡੱਬਾ, ਜਿਸ ਨੂੰ ਸ਼ਗਨ ਨਹੀਂ, ਗਿਫਟ ਕਹਿੰਦੇ ਹਨ। ਫੋਟੋਆਂ ਸਮੇਤ ਸ਼ਗਨ ਦਾ ਪੱਕਾ ਸਬੂਤ।

ਕੁੜੀ ਦੀ ਲੱਖਾਂ ਰੁਪਏ ਖਰਚ ਕੇ ਪੜ੍ਹਾਈ ਅਤੇ ਡਿਗਰੀਆਂ ਦੀ ਗੱਲ ਨ੍ਹੀਂ ਕਰਨੀ? ਉਹ ਦਾਜ ਥੋੜ੍ਹੀ ਹੁੰਦਾ ਹੈ, ਉਹ ਤਾਂ ਕਾਗਜ਼ੀ ਸਰਟੀਫਿਕੇਟ ਹੁੰਦੇ ਹਨ ਜਾਂ ਨਿਯੁਕਤੀ ਪੱਤਰ, ਨਾਲੇ ਉਨ੍ਹਾਂ 'ਤੇ ਤਾਂ ਕੁੜੀ ਦਾ ਨਾਂ ਛਪਿਆ ਹੁੰਦਾ ਹੈ, ਚਲੋ ਛੱਡੋ ਇਹ ਗੱਲਾਂ, ਆਪਾਂ ਤਾਂ ਵਿਆਹ ਸਾਦਾ ਹੀ ਕੀਤਾ ਹੈ ਅਤੇ ਬਿਨਾਂ ਦਹੇਜ ਦੇ।

ਇਕ ਨਵੇਂ ਜਿਹੇ ਰਿਵਾਜ ਚੁੰਨੀ ਚੜ੍ਹਾ ਕੇ ਲਿਆਉਣ ਬਾਰੇ ਕੀ ਵਿਚਾਰ ਹੈ? ਜੇ ਦੁਨੀਆ ਦੀ ਪਰਵਾਹ ਕੀਤੇ ਬਿਨਾਂ, ਖਾਂਦੇ ਪੀਂਦੇ ਲੋਕ ਇਸ ਰਾਹੇ ਤੁਰ ਪੈਣ ਤਾਂ ਇਸ ਵਰਗੀ ਸੁਖਦਾਈ ਰੀਸ ਨਹੀਂ, ਪਰ ਸਾਦਗੀ ਬਿਨਾਂ ਦਹੇਜ ਬਿਨਾਂ ਬਹੁਤਾ ਖਰਚ, ਬਿਨਾਂ ਇਕ ਦਿਨ ਦੀ ਵਾਹ-ਵਾਹ, ਦੋਵਾਂ ਬੱਚਿਆਂ, ਦੋਵਾਂ ਪਰਵਾਰਾਂ ਦੀ ਖੁਸ਼ੀ ਤੇ ਸਹਿਮਤੀ ਚੁੰਨੀ ਦਾ ਆਧਾਰ ਹੋਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਦਿਨ ਖੁਸ਼ੀਆਂ ਭਰੇ ਹੋ ਸਕਣ। ਇਹ ਸਭ ਕੁਝ ਸ਼ਬਦੀ ਗੱਲਾਂ ਜਾਂ ਖਬਰਾਂ ਹੀ ਨਾ ਹੋਣ, ਸਗੋਂ ਦਿਲੋਂ ਸੱਚੇ ਹੋਣ। ਸੋ ਹਿੰਮਤ ਕਰਕੇ ਇਸ ਬਾਰੇ ਵਿਚਾਰ ਕਰੀਏ।


# ਅਣਖ ਲਈ ਹੱਤਿਆ: ਪ੍ਰੇਮੀਆਂ ਲਈ ਕਤਲਗਾਹ ਬਣਿਆ ਬਿਹਾਰ

-ਐੱਮ ਚੌਰਸੀਆ-

ਬਿਹਾਰ ਅਸਲ 'ਚ ਨੌਜਵਾਨ ਪ੍ਰੇਮੀਆਂ ਲਈ 'ਕਤਲਗਾਹ' ਬਣ ਗਿਆ ਹੈ, ਜਿਨ੍ਹਾਂ ਦੀ ਬੇਰਹਿਮੀ ਨਾਲ ਹੱਤਿਆ ਸਿਰਫ ਪਿਆਰ ਦੇ ਚੱਕਰ 'ਚ ਪੈਣ ਲਈ ਉਨ੍ਹਾਂ ਦੇ ਆਪਣਿਆਂ ਵੱਲੋਂ 'ਅਣਖ' ਦੀ ਖਾਤਿਰ ਕੀਤੀ ਜਾਂਦੀ ਹੈ। ਪਿਛਲੇ ਡੇਢ ਮਹੀਨੇ ਦੌਰਾਨ ਹੱਤਿਆ ਦੀਆਂ ਅਜਿਹੀਆਂ ਤਿੰਨ ਘਟਨਾਵਾਂ ਪੁਲਸ ਵੱਲੋਂ ਦਰਜ ਕੀਤੀਆਂ ਗਈਆਂ ਹਨ।

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸਮਾਜਕ ਸੁਹਿਰਦਤਾ ਬਣਾਈ ਰੱਖਣ ਲਈ ਸਰਕਾਰ ਵੱਲੋਂ ਅੰਤਰਜਾਤੀ ਵਿਆਹਾਂ ਨੂੰ ਉਤਸ਼ਾਹਤ ਕੀਤੇ ਜਾਣ ਦੇ ਬਾਵਜੂਦ ਕਤਲਾਂ ਦੇ ਅਜਿਹੇ ਮਾਮਲੇ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਸਾਹਮਣੇ ਆ ਰਹੇ ਹਨ ਅਤੇ ਸਰਕਾਰ ਸਮਾਜਕ ਬੰਧਨ ਤੋੜਨ ਵਾਲੇ ਨੌਜਵਾਨਾਂ ਨੂੰ ਇੱਕ ਲੱਖ ਰੁਪਏ ਤੱਕ ਦੀ ਦਿਲਖਿਚਵੀਂ ਉਤਸ਼ਾਹ-ਵਧਾਊ ਰਕਮ ਵੀ ਦੇ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਸਥਿਤੀ ਕਾਫੀ ਚਿੰਤਾ ਜਨਕ ਬਣੀ ਹੋਈ ਹੈ।

ਇੱਕ ਤਾਜ਼ਾ ਘਟਨਾ ਵਿੱਚ ਬੀਤੇ ਦਿਨੀਂ ਗਯਾ ਜ਼ਿਲ੍ਹੇ ਵਿੱਚ ਦੋ ਨੌਜਵਾਨ ਪ੍ਰੇਮੀਆਂ ਦੀ ਹੱਤਿਆ ਕਰ ਦਿੱਤੀ ਗਈ ਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੋਟੇ ਕਰ ਕੇ ਇੱਕੋ ਚਿਤਾ ਵਿੱਚ ਸਾੜ ਦਿੱਤੇ ਗਏ। 17 ਸਾਲਾ ਸਨੇਹਾ ਕੁਮਾਰੀ ਨੂੰ ਵਿਕਾਸ ਪਾਸਵਾਨ ਨਾਲ ਪਿਆਰ ਹੋ ਗਿਆ ਸੀ, ਜੋ ਉਸ ਇਲਾਕੇ 'ਚ ਇੱਕ ਕੋਚਿੰਗ ਸੈਂਟਰ ਚਲਾਉਂਦਾ ਸੀ। ਸਨੇਹਾ ਤਾਕਤਵਰ ਯਾਦਵ ਜਾਤ ਨਾਲ ਸੰਬੰਧਤ ਸੀ, ਜਿਹੜੀ ਓ ਬੀ ਸੀ ਸ਼੍ਰੇਣੀ ਵਿੱਚ ਆਉਂਦੀ ਹੈ, ਜਦ ਕਿ ਲੜਕਾ ਦਲਿਤ ਭਾਈਚਾਰੇ ਦਾ ਸੀ। ਪਿਛਲੇ ਸਾਲ ਸਤੰਬਰ 'ਚ ਇਸ ਪ੍ਰੇਮੀ ਜੋੜੇ ਨੇ ਘਰੋਂ ਭੱਜ ਕੇ ਇੱਕ ਸਥਾਨਕ ਮੰਦਰ ਵਿੱਚ ਵਿਆਹ ਕਰਵਾ ਲਿਆ ਸੀ, ਜਦ ਕਿ ਲੜਕੀ ਦੇ ਪਰਵਾਰ ਵਾਲੇ ਇਸ ਦੇ ਵਿਰੁੱਧ ਸਨ। ਉਨ੍ਹਾਂ ਨੇ ਬਾਅਦ 'ਚ ਲੜਕੇ ਵਿਰੁੱਧ ਉਨ੍ਹਾਂ ਦੀ ਲੜਕੀ ਨੂੰ ਅਗਵਾ ਕਰਨ ਦਾ ਮਾਮਲਾ ਦਰਜ ਕਰਵਾ ਦਿੱਤਾ। ਪੁਲਸ ਨੇ ਦਬਾਅ ਕਾਰਨ ਜੋੜੇ ਨੇ ਆਤਮ ਸਮਰਪਣ ਕਰ ਦਿੱਤਾ ਤੇ ਫਿਰ ਲੜਕੇ ਨੂੰ ਜੇਲ੍ਹ ਭੇਜ ਕੇ ਲੜਕੀ ਨੂੰ ਉਸ ਦੇ ਮਾਪਿਆਂ ਹਵਾਲੇ ਕਰ ਦਿੱਤਾ ਸੀ। ਲੜਕਾ ਸਿਰਫ 15 ਦਿਨ ਪਹਿਲਾਂ ਜੇਲ੍ਹ 'ਚੋਂ ਰਿਹਾਅ ਕੀਤਾ ਗਿਆ। ਬਾਅਦ 'ਚ ਲੜਕੇ ਨੂੰ ਲੜਕੀ ਦੇ ਮਾਪਿਆਂ ਨੇ ਅਗਵਾ ਕਰ ਲਿਆ ਤੇ ਉਸ ਨੂੰ ਇੱਕ ਸਥਾਨਕ ਨਦੀ ਦੇ ਕੰਢੇ ਲੈ ਗਏ। ਫਿਰ ਲੜਕੀ ਨੂੰ ਵੀ ਉਸੇ ਜਗ੍ਹਾ 'ਤੇ ਲਿਆਂਦਾ ਗਿਆ ਤੇ ਦੋਵਾਂ ਦੀ ਹੱਤਿਆ ਕਰ ਦਿੱਤੀ ਗਈ। ਰਿਪੋਰਟ ਮੁਤਾਬਕ ਅਪਰਾਧ ਕਰਨ ਤੋਂ ਬਾਅਦ ਲੜਕੀ ਦੇ ਪਰਵਾਰ ਵਾਲਿਆਂ ਨੇ ਦੋਵਾਂ ਦੀਆਂ ਲਾਸ਼ਾਂ ਦੇ ਟੋਟੇ ਕਰ ਦਿੱਤੇ ਅਤੇ ਉਨ੍ਹਾਂ ਨੂੰ ਇੱਕ ਹੀ ਚਿਤਾ 'ਚ ਸਾੜ ਦਿੱਤਾ।



ਇਹ ਖੌਫਨਾਕ ਘਟਨਾ ਉਦੋਂ ਸਾਹਮਣੇ ਆਈ ਜਦੋਂ ਲੜਕੇ ਦੇ ਪਿਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਲੜਕੀ ਦੇ ਪਰਵਾਰਕ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ। ਉਨ੍ਹਾਂ ਨੇ ਮੰਨਿਆ ਕਿ ਸਬੂਤ ਮਿਟਾਉਣ ਲਈ ਉਨ੍ਹਾਂ ਨੇ ਦੋਵਾਂ ਦੀ ਹੱਤਿਆ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਸਾੜ ਦਿੱਤੀਆਂ ਸਨ। ਸਥਾਨਕ ਡੀ ਐੱਸ ਪੀ ਅਭਿਜੀਤ ਕੁਮਾਰ ਨੇ ਦੱਸਿਆ ਕਿ ਗ੍ਰਿਫਤਾਰ ਵਿਅਕਤੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ 'ਅਣਖ' ਦੀ ਖਾਤਰ ਦੋਵਾਂ ਦੀ ਹੱਤਿਆ ਕੀਤੀ। ਪੁਲਸ ਨੇ ਦੋਵਾਂ ਦੇ ਸੜੇ ਹੋਏ ਅਵਸ਼ੇਸ਼ (ਰਹਿੰਦ-ਖੂੰਹਦ) ਇਕੱਠੇ ਕਰ ਕੇ ਉਨ੍ਹਾਂ ਨੂੰ ਫੋਰੈਂਸਿਕ ਜਾਂਚ ਲਈ ਭੇਜ ਦਿੱਤਾ ਹੈ।

ਇਸੇ ਤਰ੍ਹਾਂ ਇੱਕ ਹੋਰ ਖਤਰਨਕ ਘਟਨਾ ਪਟਨਾ ਦੀ ਹੈ, ਜਿੱਥੇ ਪਿਛਲੇ ਹਫਤੇ ਇੱਕ ਨੌਜਵਾਨ ਦੀ ਉਸ ਦੀ ਪ੍ਰੇਮਿਕਾ ਸਮੇਤ ਹੱਤਿਆ ਕਰਨ ਤੋਂ ਪਹਿਲਾਂ ਤੇਜ਼ਧਾਰ ਹਥਿਆਰ ਨਾਲ ਨੌਜਵਾਨ ਦੇ ਗੁਪਤ ਅੰਗ ਵੱਢ ਦਿੱਤੇ ਗਏ। ਇਥੇ ਵੀ ਲੜਕੇ ਦੀ ਪਛਾਣ ਪ੍ਰਿੰਸ ਕੁਮਾਰ ਵਜੋਂ ਕੀਤੀ ਗਈ, ਜੋ ਪੱਛੜੀ ਜਾਤੀ ਨਾਲ ਸੰਬੰਧਤ ਸੀ ਤੇ ਉਸ ਨੇ ਇੱਕ ਅਜਿਹੀ ਲੜਕੀ ਨਾਲ ਪਿਆਰ ਕਰਨ ਦੀ ਹਿੰਮਤ ਕੀਤੀ ਸੀ, ਜੋ ਰਾਜਪੂਤ ਜਾਤ ਦੀ ਸੀ। ਜਦੋਂ ਲੜਕੀ ਦੇ ਪਰਵਾਰ ਨੂੰ ਉਸ ਦੇ ਪ੍ਰੇਮ ਪ੍ਰਸੰਗ ਬਾਰੇ ਪਤਾ ਲੱਗਾ ਤਾਂ ਉਸ ਨੂੰ ਕੋਚਿੰਗ ਸੈਂਟਰ ਤੋਂ ਹਟਾ ਲਿਆ ਗਿਆ, ਜਿੱਥੇ ਉਹ ਲੜਕੇ ਨੂੰ ਮਿਲੀ ਸੀ। ਬਾਅਦ 'ਚ ਉਸ ਲੜਕੇ ਨੇ ਆਪਣੀ ਪ੍ਰੇਮਿਕਾ ਦੇ ਪਿੰਡ ਦੇ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ, ਜਿਸ 'ਤੇ ਲੜਕੀ ਦੇ ਮਾਪੇ ਗੁੱਸੇ ਵਿੱਚ ਆ ਗਏ।

ਉਸ ਮੰਦਭਾਗੀ ਰਾਤ ਨੂੰ ਵੀ ਲੜਕਾ ਆਪਣੀ ਪ੍ਰੇਮਿਕਾ ਦੇ ਕਮਰੇ 'ਚ ਝਾਤੀਆਂ ਮਾਰਦਾ ਫੜਿਆ ਗਿਆ। ਬਾਅਦ 'ਚ ਲੜਕੀ ਦੇ ਪਰਵਾਰ ਵਾਲਿਆਂ ਨੇ ਉਸ ਨੂੰ ਖੂਬ ਕੁੱਟਿਆ ਤੇ ਕੁੱਟ-ਕੁੱਟ ਕੇ ਮਾਰ ਦੇਣ ਤੋਂ ਪਹਿਲਾਂ ਉਸ ਦੇ ਗੁਪਤ ਅੰਗ ਕੱਟ ਲਏ ਅਤੇ ਬਾਅਦ 'ਚ ਲੜਕੀ ਤੇ ਲੜਕੇ ਦੋਵਾਂ ਦੀਆਂ ਲਾਸ਼ਾਂ ਨੂੰ ਦੋ ਵੱਖ-ਵੱਖ ਥਾਵਾਂ 'ਤੇ ਸੁੱਟ ਦਿੱਤਾ।

ਪਿਛਲੇ ਮਹੀਨੇ ਵੀ ਇੱਕ ਨੌਜਵਾਨ ਲੜਕੀ ਦੀ ਉਸ ਦੇ ਮਾਪਿਆਂ ਵੱਲੋਂ ਵੱਢ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਕਿ ਇੱਕ ਸਥਾਨਕ ਲੜਕੇ ਨਾਲ ਉਸ ਦੇ ਪ੍ਰੇਮ ਪ੍ਰਸੰਗ ਦੀ ਗੱਲ ਜਨਤਕ ਹੋ ਗਈ। ਗਯਾ 'ਚ ਭੜਕੀ ਭੀੜ ਨੇ ਲੜਕੀ ਨੂੰ ਇਨਸਾਫ ਦਿਵਾਉਣ ਲਈ 'ਕੈਂਡਲ ਮਾਰਚ' ਕੱਢਿਆ, ਜਿਸ ਦੀ ਸਿਰ-ਕੱਟੀ ਲਾਸ਼ ਰਹੱਸਮਈ ਹਾਲਤਾਂ 'ਚ ਉਸ ਦੇ ਘਰੋਂ ਗਾਇਬ ਹੋਣ ਤੋਂ ਕੁਝ ਹਫਤਿਆਂ ਬਾਅਦ ਮਿਲੀ ਸੀ। ਪੁਲਸ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਉਸ ਦੇ ਪਰਵਾਰ ਵਾਲਿਆਂ ਨੇ ਹੀ ਮੀਟ ਵੱਢਣ ਵਾਲੇ ਚਾਕੂ ਨਾਲ ਉਸ ਦੀ ਹੱਤਿਆ ਕੀਤੀ ਸੀ।

## ਹਲਕਾ ਫੁਲਕਾ

ਅੱਧਖੜ ਉਮਰ ਦੀ ਇੱਕ ਔਰਤ ਸੁੰਦਰਤਾ ਦੇ ਮਾਹਰ ਕੋਲ ਗਈ ਅਤੇ ਬੋਲੀ, "ਮੇਰਾ ਚਿਹਰਾ ਸੁੰਦਰ ਬਣਾ ਦਿਓ, ਪਰ ਇਸ ਦੀ ਫੀਸ ਕਿੰਨੀ ਲੱਗੇਗੀ?"

ਡਾਕਟਰ ਨੇ ਜਵਾਬ ਦਿੱਤਾ, "ਪੰਜ ਹਜ਼ਾਰ ਰੁਪਏ।"

ਔਰਤ ਹੈਰਾਨੀ ਨਾਲ ਬੋਲੀ, "ਇਹ ਤਾਂ ਬੜਾ ਜ਼ਿਆਦਾ ਹੈ। ਕੋਈ ਸਸਤਾ ਨੁਸਖਾ ਨਹੀਂ ਹੈ।"

ਡਾਕਟਰ ਨੇ ਸਲਾਹ ਦਿੱਤੀ, "ਹਾਂ ਜੀ ਹੈ, ਤੁਸੀਂ ਘੁੰਡ ਕੱਢਣਾ ਸ਼ੁਰੂ ਕਰ ਦਿਓ।"

*********

ਇੱਕ ਬੱਚੀ ਬੋਲੀ, "ਮੰਮੀ, ਮੈਂ ਸਕੂਲ ਨਹੀਂ ਜਾਵਾਂਗੀ।"

ਮਾਂ ਨੇ ਹੈਰਾਨੀ ਨਾਲ ਪੁੱਛਿਆ, "ਕਿਉਂ ਬੇਟੀ?"


ਬੱਚੀ, "ਮੈਡਮ ਨੇ ਸੋਮਵਾਰ ਨੂੰ ਦੱਸਿਆ ਕਿ ਪੰਜ ਤੇ ਪੰਜ ਦਸ ਹੁੰਦੇ ਹਨ। ਮੰਗਲਵਾਰ ਕਿਹਾ ਅੱਠ ਤੇ ਦੋ ਦਸ ਹੁੰਦੇ ਹਨ। ਇਸ ਲਈ ਮੈਂ ਓਦੋਂ ਤੱਕ ਸਕੂਲ ਨਹੀਂ ਜਾਵਾਂਗੀ, ਜਦੋਂ ਤੱਕ ਉਨ੍ਹਾਂ ਦਾ ਦਿਮਾਗ ਠੀਕ ਨਹੀਂ ਹੋ ਜਾਂਦਾ।"

*********

ਜਮਾਤ ਵਿੱਚ ਅਧਿਆਪਕ ਨੇ ਪੁੱਛਿਆ, "ਦੱਸੋ, ਕੀੜੀਆਂ ਤੋਂ ਸਾਨੂੰ ਕੀ ਕੀ ਫਾਇਦਾ ਹੈ?"

ਵਿਦਿਆਰਥੀ, "ਮਾਸਟਰ ਜੀ, ਕੀੜੀਆਂ ਦੱਸ ਦਿੰਦੀਆਂ ਹਨ ਕਿ ਮਠਿਆਈ ਕਿੱਥੇ ਰੱਖੀ ਹੈ।"


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS


905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਪੁਲਵਾਮਾ ਦਾ ਹਮਲਾ, ਕਸ਼ਮੀਰੀ ਵਿਦਿਆਰਥੀਆਂ ਵਿਰੁੱਧ ਹਿੰਸਾ ਤੇ ਵਧ ਰਹੀ ਜਨੂੰਨੀਅਤ



ਜਤਿੰਦਰ ਪੰਨੂ

ਇਹ ਗੱਲ ਵਾਰ-ਵਾਰ ਚੇਤੇ ਕਰਵਾਉਣ ਦੀ ਲੋੜ ਨਹੀਂ ਕਿ ਇਸ ਮਹੀਨੇ ਦੇ ਦੂਸਰੇ ਹਫਤੇ ਦੌਰਾਨ ਜੰਮੂ-ਕਸ਼ਮੀਰ ਦੇ ਪੁਲਵਾਮਾ ਨੇੜੇ ਪੈਰਾ ਮਿਲਟਰੀ ਫੋਰਸ ਦੇ ਕਾਫਲੇ ਉੱਤੇ ਹਮਲਾ ਹੋਇਆ ਤੇ ਉਸ ਵਿੱਚ ਬਹੁਤ ਸਾਰੇ ਜਵਾਨ ਮਾਰੇ ਜਾਣ ਨਾਲ ਸਾਰੇ ਦੇਸ਼ ਵਿੱਚ ਗੁੱਸਾ ਸੀ। ਹਮਲੇ ਦੇ ਪਿੱਛੇ ਕਿਨ੍ਹਾਂ ਦਾ ਹੱਥ ਸੀ, ਇਹ ਵੀ ਵਾਰ-ਵਾਰ ਦੱਸਣ ਦੀ ਲੋੜ ਨਹੀਂ। ਹਮਲੇ ਤੋਂ ਬਾਅਦ ਜੋ ਕੁਝ ਹੋਇਆ ਅਤੇ ਹਾਲੇ ਤੱਕ ਹੋਈ ਜਾਂਦਾ ਹੈ ਤੇ ਜਿਸ ਦਾ ਸੁਪਰੀਮ ਕੋਰਟ ਨੂੰ ਵੀ ਨੋਟਿਸ ਲੈਣ ਦੀ ਲੋੜ ਪੈ ਗਈ ਹੈ, ਵਕਤ ਉਸ ਵਰਤਾਰੇ ਦੀ ਗੰਭੀਰਤਾ ਨੂੰ ਸਮਝਣ ਦਾ ਹੈ। ਹਿੰਸਾ ਜੰਮੂ-ਕਸ਼ਮੀਰ ਵਿੱਚ ਹੋਈ ਤੇ ਇਸ ਦਾ ਪ੍ਰਛਾਵਾਂ ਸਾਰੇ ਦੇਸ ਦੇ ਮਾਹੌਲ ਉੱਤੇ ਪਿਆ ਹੈ। ਲੋਕਾਂ ਨੇ ਰੋਸ ਪ੍ਰਗਟਾਵੇ ਕੀਤੇ ਤਾਂ ਇਹ ਉਨ੍ਹਾਂ ਦਾ ਹੱਕ ਸੀ, ਪਰ ਪਿੱਛੋਂ ਕਸ਼ਮੀਰ ਦੇ ਲੋਕਾਂ ਅਤੇ ਖਾਸ ਕਰ ਕੇ ਵਿਦਿਆਰਥੀਆਂ ਵਿਰੁੱਧ ਜਿਹੜੀ ਹਿੰਸਕ ਲਹਿਰ ਚੱਲਣ ਲੱਗ ਪਈ, ਇਹ ਰੋਸ ਪ੍ਰਗਟਾਵਿਆਂ ਦਾ ਤਰੀਕਾ ਨਹੀਂ, ਉਸ ਜਨੂੰਨੀਅਤ ਦਾ ਪ੍ਰਗਟਾਵਾ ਹੈ, ਜਿਹੜੀ ਪਿਛਲੇ ਸਾਲਾਂ ਵਿੱਚ ਭਾਰੂ ਹੁੰਦੀ ਜਾ ਰਹੀ ਹੈ।

ਭਾਰਤ ਵਿੱਚ ਬਹੁਤ ਸਾਰੇ ਲੋਕ ਕਈ ਵਾਰ ਕਿਸੇ ਟਰੱਕ ਹਾਦਸੇ ਪਿੱਛੋਂ ਵੀ ਟਰੱਕ ਡਰਾਈਵਰ ਨੂੰ 'ਫਾਹੇ ਲਾਓ' ਦੇ ਨਾਅਰੇ ਲਾਉਂਦੇ ਅਸੀਂ ਸੁਣੇ ਹੋਏ ਹਨ। ਪੁਲਵਾਮਾ ਦੀ ਵਾਰਦਾਤ ਦੇ ਬਾਅਦ ਏਦਾਂ ਦੇ ਨਾਅਰੇ ਲੱਗੇ ਤਾਂ ਹੈਰਾਨੀ ਵਾਲੀ ਗੱਲ ਇਹ ਨਹੀਂ ਸੀ। ਹੈਰਾਨੀ ਤਾਂ ਓਦੋਂ ਹੋਈ, ਜਦੋਂ ਇਹੋ ਜਿਹੇ ਰੋਸ ਪ੍ਰਗਟਾਵੇ ਨੂੰ ਆਰੰਭ ਵਿੱਚ ਕਸ਼ਮੀਰੀ ਮੁਸਲਮਾਨਾਂ ਵਿਰੁੱਧ ਤੇ ਫਿਰ ਸਾਰੇ ਕਿਸਮ ਦੇ ਕਸ਼ਮੀਰੀ ਲੋਕਾਂ ਦੇ ਖਿਲਾਫ ਰੰਗ ਚੜ੍ਹਦਾ ਵੇਖਣਾ ਪਿਆ। ਉੱਤਰਾਖੰਡ ਵਿੱਚ ਕਸ਼ਮੀਰੀ ਪਿਛੋਕੜ ਵਾਲੇ ਵਿਦਿਆਰਥੀਆਂ ਨੇ ਕੋਈ ਹਿੰਸਾ ਕੀਤੀ ਹੋਵੇ, ਇਸ ਦੀ ਕੋਈ ਖਬਰ ਨਹੀਂ, ਪਰ ਉਨ੍ਹਾਂ ਨਾਲ ਹੋਈ ਹਿੰਸਾ ਦੀ ਖਬਰ ਸਾਰਿਆਂ ਨੂੰ ਸੁਣਨੀ ਪਈ ਹੈ। ਉਹ ਬੱਚੇ ਓਥੋਂ ਭੱਜ ਕੇ ਪੰਜਾਬ ਵੱਲ ਆਏ ਤੇ ਮੋਹਾਲੀ ਦੇ ਇੱਕ ਗੁਰਦੁਆਰੇ ਵਿੱਚ ਪਨਾਹ ਲੈਣੀ ਪੈ ਗਈ। ਉਨ੍ਹਾਂ ਦਾ ਕਸੂਰ ਕੀ ਸੀ, ਇਹ ਦੱਸਣ ਵਾਲਾ ਕੋਈ ਨਹੀਂ ਮਿਲ ਸਕਿਆ। ਮਹਾਰਾਸ਼ਟਰ ਦੀ ਇੱਕ ਵੀਡੀਓ ਕਲਿਪ ਕੁਝ ਮੀਡੀਆ ਚੈਨਲਾਂ ਨੇ ਵਿਖਾਈ ਹੈ, ਜਿਸ ਵਿੱਚ ਤੁਰੇ ਜਾਂਦੇ ਇੱਕ ਨੌਜਵਾਨ ਨੂੰ ਪੁੱਛਿਆ ਕਿ ਉਹ ਕਿਸ ਇਲਾਕੇ ਦਾ ਹੈ ਤੇ ਜਦੋਂ ਉਸ ਨੇ ਕਸ਼ਮੀਰੀ ਹੋਣ ਬਾਰੇ ਦੱਸਿਆ ਤਾਂ ਉਸ ਨੂੰ ਕੁੱਟਣਾ ਸ਼ੁਰੂ ਹੋ ਜਾਂਦਾ ਹੈ। ਇਹ ਸਭ ਬੇਹੂਦਗੀ ਕੀਤੀ ਜਾ ਰਹੀ ਹੈ ਤੇ ਸੰਬੰਧਤ ਰਾਜਾਂ ਦੀਆਂ ਸਰਕਾਰਾਂ ਇਸ ਨੂੰ ਜਾਣਬੁੱਝ ਕੇ ਅਣਗੌਲਿਆ ਕਰ ਰਹੀਆਂ ਹਨ।

ਅਸੀਂ ਇਹ ਗੱਲ ਰੱਦ ਨਹੀਂ ਕਰਦੇ ਕਿ ਕੁਝ ਕਸ਼ਮੀਰੀ ਨੌਜਵਾਨਾਂ ਨੇ ਵੀ ਕਿਸੇ-ਕਿਸੇ ਥਾਂ ਗਲਤੀ ਕੀਤੀ ਹੈ, ਪਰ ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਨ੍ਹਾਂ ਦੇ ਮਨਾਂ ਵਿੱਚ ਇਸ ਨਾਲ ਆਈ ਕੌੜ ਵੀ ਕੁਝ ਕਰਵਾ ਸਕਦੀ ਹੈ। ਸਵਾਲ ਇਹ ਨਹੀਂ ਕਿ ਕਸ਼ਮੀਰੀ ਨੌਜਵਾਨਾਂ ਵਿਰੁੱਧ ਹਿੰਸਕ ਪ੍ਰਗਟਾਵੇ ਕੀਤੇ ਜਾ ਰਹੇ ਹਨ, ਸਗੋਂ ਇਹ ਹੈ ਕਿ ਭਾਰਤ ਵਿੱਚ ਏਦਾਂ ਦੇ ਪ੍ਰਗਟਾਵੇ ਹੋਣ ਦਾ ਇੱਕ ਆਮ ਰਿਵਾਜ ਜਿਹਾ ਕਿਉਂ ਬਣਦਾ ਜਾ ਰਿਹਾ ਹੈ ਤੇ ਸਰਕਾਰ ਰੋਕਦੀ ਕਿਉਂ ਨਹੀਂ?

ਇਸ ਵੇਲੇ ਕਸ਼ਮੀਰ ਦੇ ਵਿਦਿਆਰਥੀਆਂ ਵਿਰੁੱਧ ਹਿੰਸਾ ਨੂੰ ਪੁਲਵਾਮਾ ਦੀ ਵਾਰਦਾਤ ਨਾਲ ਜੋੜਿਆ ਗਿਆ ਹੈ, ਪਰ ਜਦੋਂ ਮਹਾਰਾਸ਼ਟਰ ਵਿੱਚ ਹਿੰਦੀ ਭਾਸ਼ੀ ਰਾਜਾਂ ਵਿੱਚੋਂ ਆਏ ਲੋਕਾਂ ਨੂੰ ਗਲੀਆਂ-ਬਾਜ਼ਾਰਾਂ ਵਿੱਚ ਘੇਰ ਕੇ ਕੁੱਟਿਆ ਤੇ ਆਪਣੇ ਘਰੀਂ ਮੁੜ ਜਾਣ ਲਈ ਕਿਹਾ ਗਿਆ ਸੀ, ਓਦੋਂ ਤਾਂ ਕੋਈ ਪੁਲਵਾਮਾ ਵਰਗੀ ਘਟਨਾ ਨਹੀਂ ਸੀ ਹੋਈ। ਕਰਨਾਟਕਾ ਦੇ ਲੋਕਾਂ ਨੇ ਇੱਕ ਵਾਰੀ ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੇ ਲੋਕਾਂ ਨੂੰ ਕੁੱਟਿਆ ਤਾਂ ਕਈ ਦਿਨ ਉੱਤਰ-ਪੂਰਬ ਜਾਂਦੀਆਂ ਗੱਡੀਆਂ ਵਿੱਚ ਸੀਟ ਮਿਲਣੀ ਮੁਸ਼ਕਲ ਹੋ ਗਈ ਸੀ। ਓਦੋਂ ਉੱਤਰ-ਪੂਰਬ ਵਿੱਚੋਂ ਕੋਈ ਪੁਲਵਾਮਾ ਵਰਗੀ ਵਾਰਦਾਤ ਹੋਣ ਦੀ ਖਬਰ ਨਹੀਂ ਸੀ ਆਈ। ਆਸਾਮ ਵਿੱਚ ਰੇਲਵੇ ਦਾ ਟੈੱਸਟ ਦੇਣ ਵਾਸਤੇ ਗਏ ਬਿਹਾਰ ਦੇ ਬੱਚਿਆਂ ਵਿਰੁੱਧ ਇੱਕ ਵਾਰੀ ਹਿੰਸਾ ਹੋਣ ਦੀ ਖਬਰ ਆਈ ਸੀ, ਬਿਹਾਰ ਵਿੱਚ ਕੋਈ ਪੁਲਵਾਮਾ ਵਾਲੀ ਵਾਰਦਾਤ ਨਹੀਂ ਸੀ ਹੋਈ। ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਵਾਰ ਉੱਤਰ-ਪੂਰਬੀ ਰਾਜ ਦਾ ਇੱਕ ਨੌਜਵਾਨ ਨੀਡੋ ਤਾਨੀਆ ਖਾਨ ਮਾਰਕੀਟ ਵਿੱਚ ਗਿਆ ਤਾਂ ਉਸ ਦੇ ਨੈਣ-ਨਕਸ਼ ਦਿੱਲੀ ਵਾਲਿਆਂ ਤੋਂ ਵੱਖਰੇ ਤੇ ਬੋਲਣ ਦਾ ਲਹਿਜਾ ਵੱਖਰਾ ਹੋਣ ਕਾਰਨ ਉਸ ਨੂੰ ਛੇੜਿਆ ਗਿਆ ਤੇ ਜਦੋਂ ਉਸ ਨੇ ਇਤਰਾਜ਼ ਕੀਤਾ ਤਾਂ ਕੁੱਟ-ਕੁੱਟ ਮਾਰ ਦਿੱਤਾ ਗਿਆ ਸੀ। ਉਸ ਦਾ ਬਾਪ ਆਪਣੇ ਰਾਜ ਦਾ ਵਿਧਾਇਕ ਵੀ ਸੀ ਤੇ ਚੀਫ ਪਾਰਲੀਮੈਂਟਰੀ ਸੈਕਟਰੀ ਵੀ। ਨੀਡੋ ਤਾਨੀਆ ਖੁਦ ਵੀ ਹਿੰਸਕ ਸੋਚਣੀ ਵਾਲਾ ਨਹੀਂ, ਪੜ੍ਹਾਈ ਵਿੱਚ ਰੁੱਝੇ ਰਹਿਣ ਵਾਲਾ ਮੁੰਡਾ ਸੀ। ਉਹ ਵੀ ਇਸ ਵਰਤਾਰੇ ਦਾ ਸ਼ਿਕਾਰ ਕਿਸੇ ਪੁਲਵਾਮਾ ਵਰਗੀ ਘਟਨਾ ਤੋਂ ਬਿਨਾ ਹੀ ਬਣ ਗਿਆ ਸੀ।



ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਇੱਕ ਖਾਸ ਕਿਸਮ ਦੀ ਹਿੰਸਾ ਤੇ ਹਿੰਸਕ ਪ੍ਰਵਿਰਤੀ ਵਾਲੇ ਲੋਕਾਂ ਨੂੰ ਸ਼ਹਿ ਦੇਣ ਕਾਰਨ ਇਹੋ ਜਿਹਾ ਮਾਹੌਲ ਬਣਦਾ ਜਾਂਦਾ ਹੈ ਕਿ ਕਿਤੇ ਕੋਈ ਘਟਨਾ ਵਾਪਰ ਜਾਵੇ ਤਾਂ ਅਗਲੇ ਦਿਨ ਏਦਾਂ ਹਿੰਸਾ ਹੋਣ ਲੱਗ ਜਾਂਦੀ ਹੈ, ਜਿਵੇਂ ਇਸ ਦੇ ਲਈ ਕੁਝ ਸੰਗਠਨ ਘਾਤ ਲਾ ਕੇ ਤਿਆਰ ਬੈਠੇ ਹੋਣ। ਕੋਈ ਬੰਦਾ ਗਾਂ ਲੈ ਕੇ ਜਾਂਦਾ ਮਿਲਿਆ ਤਾਂ ਉਸ ਦੇ ਖਿਲਾਫ ਹਿੰਸਾ, ਕੋਈ ਦਲਿਤ ਪਰਵਾਰ ਦਾ ਮੁੰਡਾ ਵਿਆਹ ਵੇਲੇ ਘੋੜੀ ਉੱਤੇ ਬੈਠ ਗਿਆ ਤਾਂ ਹਿੰਸਾ, ਕੋਈ ਗਰੀਬ ਬੰਦਾ ਚੱਜ ਦੀ ਜੁੱਤੀ ਖਰੀਦ ਕੇ ਪਾ ਬੈਠਾ ਤਾਂ ਹਿੰਸਾ ਹੋ ਜਾਂਦੀ ਹੈ। ਇਹ ਸਭ ਸਹਿਜ ਸੁਭਾਅ ਨਹੀਂ ਹੋ ਰਿਹਾ। ਇਸ ਨੂੰ ਕੁਝ ਧਿਰਾਂ ਉਕਸਾ ਕੇ ਕਰਵਾ ਰਹੀਆਂ ਹਨ ਤੇ ਉਨ੍ਹਾਂ ਦੀ ਨਿਸ਼ਾਨਦੇਹੀ ਕੀਤੇ ਬਿਨਾਂ ਇਹ ਦੇਸ਼ ਸੁਖੀ ਨਹੀਂ ਹੋ ਸਕਦਾ।

ਜਿਹੜੀਆਂ ਧਿਰਾਂ ਉਕਸਾ ਰਹੀਆਂ ਹਨ, ਉਹ ਅਣਪਛਾਤੀਆਂ ਨਹੀਂ, ਸਗੋਂ ਇਸ ਦੇਸ਼ ਵਿੱਚ ਜ਼ਿਮੇਵਾਰ ਅਹੁਦਿਆਂ ਉੱਤੇ ਵੀ ਹੋ ਸਕਦੀਆਂ ਹਨ। ਪੁਲਵਾਮਾ ਦੀ ਘਟਨਾ ਮਗਰੋਂ ਇਸ ਦੀ ਇੱਕ ਝਲਕ ਮਿਲ ਗਈ ਹੈ। ਉੱਤਰ-ਪੂਰਬ ਦੇ ਰਾਜ ਮੇਘਾਲਿਆ ਦੇ ਗਵਰਨਰ ਤਥਾਗਤ ਰਾਏ ਨੇ ਇਹ ਬਿਆਨ ਦਾਗ ਦਿੱਤਾ ਹੈ ਕਿ ਪੁਲਵਾਮਾ ਵਰਗੇ ਕਾਂਡ ਰੋਕਣ ਲਈ ਸਾਰੇ ਕਸ਼ਮੀਰੀ ਲੋਕਾਂ ਦਾ ਬਾਈਕਾਟ ਕਰ ਦੇਣਾ ਚਾਹੀਦਾ ਹੈ। ਉਸ ਨੇ ਸਗੋਂ ਸਭ ਕਿਸਮਾਂ ਦੇ ਕਸ਼ਮੀਰੀ ਸਾਮਾਨ ਦਾ ਬਾਈਕਾਟ ਕਰਨ ਦਾ ਸੱਦਾ ਵੀ ਦੇ ਦਿੱਤਾ ਹੈ। ਤਥਾਗਤ ਰਾਏ ਕੋਈ ਤੇਤੀ ਸਾਲ ਪਹਿਲਾਂ ਆਰ ਐੱਸ ਐੱਸ ਨਾਲ ਜੁੜਿਆ ਸੀ ਤੇ ਕੁਝ ਸਾਲ ਪੱਛਮੀ ਬੰਗਾਲ ਦੀ ਭਾਜਪਾ ਦਾ ਪ੍ਰਧਾਨ ਰਹਿਣ ਵੇਲੇ ਭਾਜਪਾ ਵੱਲੋਂ ਦੋ ਚੋਣਾਂ ਲੜਿਆ ਸੀ ਤੇ ਫਿਰ ਭਾਜਪਾ ਦੀ ਕੇਂਦਰ ਸਰਕਾਰ ਨੇ ਤ੍ਰਿਪੁਰਾ ਦੀ ਕਮਿਊਨਿਸਟ ਸਰਕਾਰ ਦੀ ਜੜ੍ਹਾਂ ਟੁੱਕਣ ਲਈ ਉਸ ਨੂੰ ਓਥੋਂ ਦਾ ਗਵਰਨਰ ਲਾ ਦਿੱਤਾ ਸੀ। ਉਹ ਅਪਰੇਸ਼ਨ ਸਿਰੇ ਚਾੜ੍ਹਨ ਪਿੱਛੋਂ ਤਥਾਗਤ ਨੂੰ ਮੇਘਾਲਿਆ ਦਾ ਗਵਰਨਰ ਲਾ ਦਿੱਤਾ ਗਿਆ। ਭਾਜਪਾ ਨਾਲ ਜੁੜੇ ਹੋਣ ਕਰ ਕੇ ਉਸ ਨੂੰ ਹਿੰਦੂਤੱਵ ਦਾ ਢੰਡੋਰਚੀ ਕਿਹਾ ਜਾ ਸਕਦਾ ਹੈ, ਪਰ ਜਦੋਂ ਉਹ ਸਾਰੇ ਕਸ਼ਮੀਰੀ ਲੋਕਾਂ ਦੇ ਬਾਈਕਾਟ ਲਈ ਸੱਦਾ ਦੇ ਰਿਹਾ ਹੈ ਤਾਂ ਉਹ ਜੰਮੂ-ਕਸ਼ਮੀਰ ਦੇ ਹਿੰਦੂਆਂ ਖਿਲਾਫ ਵੀ ਇਹ ਸੱਦਾ ਦੇ ਰਿਹਾ ਹੈ। ਉਹ ਅਗਲੀ ਕਹਿਣ ਤੱਕ ਵੀ ਚਲਾ ਗਿਆ ਕਿ ਕੁਝ ਸਾਲ ਅਮਰਨਾਥ ਦੀ ਯਾਤਰਾ ਰੋਕ ਲਈਏ ਤਾਂ ਓਥੋਂ ਦੀ ਆਰਥਿਕਤਾ ਖਤਮ ਕੀਤੀ ਜਾ ਸਕਦੀ ਹੈ ਤੇ ਹੋਰ ਏਦਾਂ ਦੀਆਂ ਹੋਰ ਕਈ ਗੱਲਾਂ ਵੀ ਉਹ ਕਹਿਣ ਤੋਂ ਨਹੀਂ ਝਿਜਕਿਆ। ਭਾਜਪਾ ਅਤੇ ਕੇਂਦਰ ਸਰਕਾਰ ਨੇ ਏਨਾ ਕੀਤਾ ਹੈ ਕਿ ਆਪਣੇ ਲਾਏ ਇਸ ਗਵਰਨਰ ਦੇ ਬਿਆਨਾਂ ਨੂੰ ਉਸ ਦੀ ਨਿੱਜੀ ਰਾਏ ਕਿਹਾ ਅਤੇ ਵਖਰੇਵਾਂ ਜ਼ਾਹਰ ਕਰ ਦਿੱਤਾ, ਪਰ ਇਸ ਦੇ ਨਾਲ ਜਿਹੜੀ ਬੇਇੱਜ਼ਤੀ ਜੰਮੂ-ਕਸ਼ਮੀਰ ਦੇ ਲੋਕਾਂ ਦੀ ਹੋ ਗਈ, ਉਸ ਬਾਰੇ ਚੁੱਪ ਵੱਟ ਲਈ ਹੈ।

ਸਮੱਸਿਆ ਦੀ ਜੜ੍ਹ ਵੀ ਇਹੋ ਹੈ। ਸਰਕਾਰ ਨਾਲ ਜੁੜੇ ਲੋਕ ਏਦਾਂ ਦੀਆਂ ਗੱਲਾਂ ਕਰਦੇ ਹਨ। ਮਸਲਾ ਵਿਗੜਦਾ ਜਾਪੇਗਾ ਤਾਂ ਪ੍ਰਧਾਨ ਮੰਤਰੀ ਮੋਦੀ ਕੁਝ ਪੋਲੇ ਜਿਹੇ ਸ਼ਬਦਾਂ ਵਿੱਚ ਇਸ ਦੀ ਨਿੰਦਾ ਕਰ ਕੇ ਜ਼ਿਮੇਵਾਰੀ ਭੁਗਤ ਗਈ ਸਮਝ ਲੈਣਗੇ। ਉਨ੍ਹਾਂ ਦੇ ਪੈਰੋਕਾਰ ਆਪਣੇ ਨੇਤਾ ਦੇ ਇਸ ਦੁੱਖ ਪ੍ਰਗਟਾਵੇ ਦੀ ਡੌਂਡੀ ਪਿੱਟਣਗੇ। ਜਿੰਨਾ ਨੁਕਸਾਨ ਇਸ ਦੇਸ਼ ਅਤੇ ਦੇਸ਼ ਦੀ ਏਕਤਾ-ਅਖੰਡਤਾ ਦੀ ਭਾਵਨਾ ਦਾ ਹੋ ਗਿਆ ਹੈ, ਉਹ ਸਭ ਅਣਗੌਲਿਆ ਕਰ ਦਿੱਤਾ ਜਾਵੇਗਾ। ਜਿਹੜੀ ਵਾਰਦਾਤ ਪੁਲਵਾਮਾ ਵਿੱਚ ਹੋਈ, ਉਸ ਬਾਰੇ ਦਹਿਸ਼ਤਗਰਦੀ ਨਾਲ ਨਜਿੱਠਣ ਦੇ ਢੰਗਾਂ ਨਾਲ ਨਜਿੱਠਿਆ ਜਾਂਦਾ ਰਹੇਗਾ ਤੇ ਇਹ ਕੰਮ ਸਰਕਾਰ ਅਤੇ ਫੌਜਾਂ ਦਾ ਹੈ, ਸੜਕਾਂ ਉੱਤੇ ਹੁੱਲੜਬਾਜ਼ੀ ਕਰਦੇ ਫੁਕਰਿਆਂ ਦਾ ਨਹੀਂ, ਪਰ ਜਿਹੜੀ ਚੁਆਤੀ ਇੱਕ ਰਾਜ ਦਾ ਗਵਰਨਰ ਆਪਣੇ ਸਿਰ ਵਿੱਚ ਵੜੀ ਹੋਈ ਇੱਕ ਖਾਸ ਸੋਚ ਦੇ ਕਾਰਨ ਲਾ ਰਿਹਾ ਹੈ, ਜੇ ਭਾਰਤ ਦੇ ਲੋਕਾਂ ਨੇ ਇਸ ਤਰ੍ਹਾਂ ਦੀ ਜਨੂੰਨੀਅਤ ਨੂੰ ਅਣਗੌਲਿਆ ਕੀਤਾ ਤਾਂ ਇਸ ਦੇਸ਼ ਲਈ ਉਹ ਵੀ ਘੱਟ ਘਾਤਕ ਸਾਬਤ ਨਹੀਂ ਹੋਣੀ।

# ਪਾਕਿਸਤਾਨ ਨੂੰ ਮਹਿੰਗੀ ਪਏਗੀ ਅੱਤਵਾਦ ਦੇ ਸ਼ੇਰ ਦੀ ਸਵਾਰੀ

-ਸਤੀਸ਼ ਪੇਡਨੇਕਰ

ਜਮਾਤੇ-ਇਸਲਾਮੀ ਦੇ ਬਾਨੀ ਮੌਲਾਨਾ ਮੌਦੂਦੀ ਪਾਕਿਸਤਾਨ ਨੂੰ 'ਨਾ-ਪਾਕਿਸਤਾਨ' ਕਹਿੰਦੇ ਸਨ। ਉਸ ਨੂੰ ਸਾਰਥਕ ਕਰਦਿਆਂ ਅੱਜ ਇਹ ਦੇਸ਼ ਆਤੰਕਸਤਾਨ ਬਣ ਗਿਆ ਹੈ। ਕੁਝ ਸਾਲ ਪਹਿਲਾਂ ਵਰਲਡ ਇਕੋਨਾਮਿਕ ਫੋਰਮ ਦੀ ਟ੍ਰੈਵਲ ਐਂਡ ਟੂਰਿਜ਼ਮ ਦੀ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਪਾਕਿਸਤਾਨ ਦੁਨੀਆ ਦੇ ਅਸੁਰੱਖਿਅਤ ਦੇਸ਼ਾਂ 'ਚ ਚੌਥੇ ਨੰਬਰ 'ਤੇ ਹੈ। ਅਜਿਹਾ ਹੋਣਾ ਸੁਭਾਵਿਕ ਹੈ, ਕਿਉਂਕਿ ਅੱਤਵਾਦ ਦੇ ਸ਼ੇਰ ਦੀ ਸਵਾਰੀ ਬਹੁਤ ਮਹਿੰਗੀ ਪੈਂਦੀ ਹੈ ਅਤੇ ਕਦੇ-ਕਦੇ ਤਾਂ ਜਾਨਲੇਵਾ ਵੀ ਸਿੱਧ ਹੁੰਦੀ ਹੈ। ਪਾਕਿਸਤਾਨ ਪਿਛਲੇ ਕਈ ਦਹਾਕਿਆਂ ਤੋਂ ਇਹ ਸਵਾਰੀ ਕਰ ਰਿਹਾ ਹੈ ਅਤੇ ਉਸ ਦੀ ਭਾਰੀ ਕੀਮਤ ਵੀ ਚੁਕਾ ਰਿਹਾ ਹੈ। ਉਹ ਅੱਤਵਾਦੀਆਂ ਲਈ ਬੇਸ਼ੱਕ ਸਵਰਗ ਬਣ ਚੁੱਕਾ ਹੋਵੇ, ਉਥੋਂ ਦੇ ਨਾਗਰਿਕਾਂ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ। ਕੌਮਾਂਤਰੀ ਆਬਜ਼ਰਵਰ ਮੰਨਦੇ ਹਨ ਕਿ ਅੱਤਵਾਦ ਬਾਰੇ ਪਾਕਿਸਤਾਨ ਬਹੁਰੂਪੀਏ ਦੀ ਭੂਮਿਕਾ ਨਿਭਾ ਰਿਹਾ ਹੈ। ਇਕ ਪਾਸੇ ਉਹ ਅੱਤਵਾਦ ਵਿਰੁੱਧ ਜੰਗ ਲੜਨ ਲਈ ਅਮਰੀਕਾ ਦੀ ਅਗਵਾਈ ਹੇਠ ਚੱਲਦੀ ਮੁਹਿੰਮ ਦਾ ਹਿੱਸਾ ਸੀ ਅਤੇ ਇਸ ਦੇ ਨਾਂ ਉਤੇ ਅਰਬਾਂ ਡਾਲਰ ਦੀ ਮਾਲੀ ਮਦਦ ਡਕਾਰ ਗਿਆ, ਜਦ ਕਿ ਦੂਜੇ ਪਾਸੇ ਕੌਮਾਂਤਰੀ ਅੱਤਵਾਦ ਦੇ ਮਹਾਨਾਇਕ ਲਾਦੇਨ ਨੂੰ ਆਪਣੇ ਦੇਸ਼ 'ਚ ਪਨਾਹ ਦੇ ਕੇ ਅੱਤਵਾਦ ਵਿਰੁੱਧ ਲੜਾਈ ਨਾਲ ਗੱਦਾਰੀ ਵੀ ਕਰਦਾ ਰਿਹਾ।

ਕੁਝ ਲੋਕ ਪਾਕਿਸਤਾਨ ਨੂੰ 'ਅੱਤਵਾਦ ਦਾ ਅਜਾਇਬਘਰ' ਮੰਨਦੇ ਹਨ, ਜਿਥੇ ਕੌਮਾਂਤਰੀ ਤੋਂ ਅੰਦਰੂਨੀ ਅੱਤਵਾਦ ਤੱਕ ਹਰ ਤਰ੍ਹਾਂ ਦਾ ਅੱਤਵਾਦ ਵੱਡੀ ਗਿਣਤੀ ਵਿੱਚ ਮੌਜੂਦ ਹੈ ਅਤੇ ਕੁਝ ਲੋਕ ਮੰਨਦੇ ਹਨ ਕਿ ਪਾਕਿਸਤਾਨ ਖੁਦ ਅੱਤਵਾਦ ਦਾ ਸ਼ਿਕਾਰ ਹੋ ਰਿਹਾ ਹੈ। ਤਹਿਰੀਕੇ-ਤਾਲਿਬਾਨ ਵਰਗੇ ਪਾਕਿਸਤਾਨ ਵਿਰੋਧੀ ਅੱਤਵਾਦੀ ਟੋਲੇ ਹਜ਼ਾਰਾਂ ਲੋਕਾਂ ਦੀ ਹੱਤਿਆ ਕਰ ਚੁੱਕੇ ਹਨ। ਇਸ ਤੋਂ ਇਲਾਵ ਲੋਕਾਂ ਨੂੰ ਅਗਵਾ ਕਰਨ ਦਾ ਧੰਦਾ ਵੀ ਜ਼ੋਰਾਂ 'ਤੇ ਹੈ। ਇਕ ਪਾਸੇ ਪਾਕਿਸਤਾਨ ਸਰਕਾਰ ਅੱਤਵਾਦੀ ਧੜਿਆਂ ਨੂੰ ਸ਼ਹਿ ਦਿੰਦੀ ਹੈ, ਦੂਜੇ ਪਾਸੇ ਉਨ੍ਹਾਂ ਦੇ ਖਾਤਮੇ ਦੀ ਮੁਹਿੰਮ ਵੀ ਚਲਾਉਂਦੀ ਹੈ। ਇਸ ਦੋਗਲੀ ਭੂਮਿਕਾ ਕਾਰਨ ਹੀ ਪਾਕਿਸਤਾਨ ਦੁਨੀਆ 'ਚ ਆਪਣੀ ਭਰੋਸੇਯੋਗਤਾ ਗੁਆ ਚੁੱਕਾ ਹੈ।

ਪਾਕਿਸਤਾਨ ਅੱਤਵਾਦ ਦਾ ਖੁੱਲ੍ਹਾ ਬਾਜ਼ਾਰ ਬਣ ਚੁੱਕਾ ਹੈ, ਜਿਥੇ ਹਰ ਤਰ੍ਹਾਂ ਦੇ ਅੱਤਵਾਦੀ ਟੋਲੇ ਹਨ। ਓਥੇ ਅੱਤਵਾਦੀ ਸੰਗਠਨਾਂ ਦੀ ਜੋ ਫਸਲ ਲਹਿਰਾ ਰਹੀ ਹੈ, ਉਸ ਨੂੰ ਮੁੱਖ ਤੌਰ 'ਤੇ ਛੇ ਸ਼੍ਰੇਣੀਆਂ 'ਚ ਵੰਡਿਆ ਜਾ ਸਕਦਾ ਹੈ:

1. ਫਿਰਕੂ ਅੱਤਵਾਦੀ ਗਰੁੱਪ: ਇਸਲਾਮ ਦੇ ਵੱਖ-ਵੱਖ ਫਿਰਕਿਆਂ ਤੋਂ ਪ੍ਰੇਰਿਤ ਟੋਲੇ, ਜਿਵੇਂ ਸਿਪਾਹ-ਏ-ਸਹਾਬਾ, ਲਸ਼ਕਰ-ਏ-ਝੰਗਵੀ ਅਤੇ ਸ਼ੀਆ ਤਹਿਰੀਕ-ਏ-ਜਫਰੀਆ ਆਦਿ ਜੋ ਪਾਕਿਸਤਾਨ ਵਿੱਚ ਸ਼ੀਆ-ਸੁੰਨੀ ਜੰਗ ਲੜੀ ਜਾਂਦੇ ਹਨ। ਇਸ ਟਕਰਾਅ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। 1979 ਦੀ ਈਰਾਨੀ ਕ੍ਰਾਂਤੀ ਤੋਂ ਬਾਅਦ ਤਹਿਰੀਕ-ਏ-ਨਿਫਜ਼-ਏ-ਫਿਕਹ-ਏ-ਫਾਫੇਰੀਆ (ਟੀ ਐਨ ਐਫ) ਬਣਿਆ ਸੀ, ਜਿਸ ਦਾ ਮਕਸਦ ਸ਼ੀਆ ਮੁਸਲਮਾਨਾਂ ਦੇ ਅਧਿਕਾਰਾਂ ਦੀ ਰਾਖੀ ਕਰਨਾ ਸੀ। ਇਸ ਦੀ ਵਿਰੋਧ ਵਜੋਂ ਸਿਪਹ-ਏ-ਸਹਾਬਾ ਨਾਮੀ ਅੱਤਵਾਦੀ ਸੁੰਨੀ ਫਿਰਕੂ ਸੰਗਠਨ ਦੀ ਸਥਾਪਨਾ ਹੋਈ ਅਤੇ ਸਾਊਦੀ ਅਰਬ ਤੇ ਹੋਰ ਸੁੰਨੀ ਦੇਸ਼ਾਂ ਦੇ ਪੈਸੇ ਨਾਲ ਇਹ ਤੇਜ਼ੀ ਨਾਲ ਫੈਲਿਆ। ਇਹ ਸੰਗਠਨ ਮੰਗ ਕਰਨ ਲੱਗਾ ਕਿ ਸ਼ੀਆ ਮੁਸਲਮਾਨਾਂ ਨੂੰ ਘੱਟ-ਗਿਣਤੀ, ਭਾਵ ਅਹਿਮਦੀਆਂ ਵਾਂਗ ਗੈਰ ਮੁਸਲਿਮ ਐਲਾਨਿਆ ਜਾਵੇ।

ਸਿਪਾਹ-ਏ-ਸਹਾਬਾ 'ਵਿੱਚੋਂ ਇਕ ਧੜੇ ਨੇ ਲਸ਼ਕਰ-ਏ-ਝੰਗਵੀ ਨਾਂ ਦਾ ਅੱਤਵਾਦੀ ਗਰੁੱਪ ਖੜਾ ਕਰ ਲਿਆ, ਜਿਸ ਦਾ ਇਕੋ-ਇਕ ਉਦੇਸ਼ ਸ਼ੀਆ ਮੁਸਲਮਾਨਾਂ ਨੂੰ ਕਾਫਿਰ ਜਾਂ ਗੈਰ ਮੁਸਲਿਮ ਦੱਸ ਕੇ ਉਨ੍ਹਾਂ ਦੇ ਕਤਲ ਕਰਨਾ ਸੀ। ਇਸ ਦੇ ਜਵਾਬ ਵਿੱਚ ਸ਼ੀਆ ਅੱਤਵਾਦੀਆਂ ਨੇ ਸਿਪਾਹ-ਏ-ਮੁਹੰਮਦ ਨਾਂ ਦਾ ਗਰੁੱਪ ਬਣਾ ਲਿਆ। ਅਸਲ 'ਚ ਲਗਭਗ 10 ਅਜਿਹੇ ਅੱਤਵਾਦੀ ਸੰਗਠਨ ਹਨ, ਜੋ ਫਿਰਕੂ ਅੱਤਵਾਦੀ ਸੰਗਠਨਾਂ ਵਜੋਂ ਸਰਗਰਮ ਰਹਿੰਦੇ ਹਨ।

2. ਭਾਰਤ ਵਿਰੋਧੀ ਸੰਗਠਨ: ਇਨ੍ਹਾਂ ਵਿੱਚ ਮੁੱਖ ਤੌਰ 'ਤੇ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤੋਇਬਾ ਅਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਗਰੁੱਪ ਹਨ, ਜੋ ਕਸ਼ਮੀਰ ਦੀ ਆਜ਼ਾਦੀ ਅਤੇ ਭਾਰਤ ਦੇ ਵਿਰੋਧ 'ਚ ਲੜਦੇ ਕਹੇ ਜਾਂਦੇ ਹਨ। ਇਨ੍ਹਾਂ ਨੂੰ ਪਾਕਿਸਤਾਨ ਸਰਕਾਰ ਤੋਂ ਸ਼ਹਿ ਪ੍ਰਾਪਤ ਅੱਤਵਾਦੀ ਸੰਗਠਨ ਕਿਹਾ ਜਾ ਸਕਦਾ ਹੈ ਕਿਉਂਕਿ ਇਨ੍ਹਾਂ ਨੂੰ ਪਾਕਿਸਤਾਨੀ ਫੌਜ ਤੇ ਖੁਫੀਆ ਏਜੰਸੀ ਆਈ ਐਸ ਆਈ ਦਾ ਸਮਰਥਨ ਹੈ ਅਤੇ ਇਹ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ। ਇਨ੍ਹਾਂ ਸੰਗਠਨਾਂ ਦਾ ਮਕਸਦ ਕਸ਼ਮੀਰ ਅਤੇ ਭਾਰਤ 'ਚ ਤਬਾਹੀ ਫੈਲਾਉਣਾ ਹੈ। ਏਸੇ ਕਾਰਨ ਭਾਰਤ 'ਚ ਉੜੀ, ਪਠਾਨਕੋਟ, ਗੁਰਦਾਸਪੁਰ, ਮੁੰਬਈ ਵਰਗੇ ਵੱਡੇ ਅੱਤਵਾਦੀ ਹਮਲੇ ਹੋਏ ਹਨ।

3. ਅਫਗਾਨ ਤਾਲਿਬਾਨ: ਤਾਲਿਬਾਨ ਅੰਦੋਲਨ ਨਾਲ ਜੁੜੇ ਅੱਤਵਾਦੀ ਸੰਗਠਨ ਵੀ ਪਾਕਿਸਤਾਨ 'ਚ ਹਨ। ਹੱਕਾਨੀ ਨੈਟਵਰਕ ਵਰਗੇ ਅੱਤਵਾਦੀ ਗਰੁੱਪ ਦੇ ਮੈਂਬਰ ਕਈ ਸਾਲਾਂ ਤੋਂ ਪਾਕਿਸਤਾਨ 'ਚ ਚੱਲ ਰਹੇ ਹਨ, ਜਿਨ੍ਹਾਂ ਦਾ ਮੁੱਖ ਮਕਸਦ ਅਫਗਾਨਿਸਤਾਨ ਨੂੰ ਕੌਮਾਂਤਰੀ ਪ੍ਰਭਾਵ ਹੇਠੋਂ ਕੱਢ ਕੇ ਸੱਤਾ ਸੰਭਾਲਣਾ ਹੈ। ਇਸ ਧੜੇ ਦੇ ਮੁਖੀ ਜਲਾਲੁਦੀਨ ਨੇ ਸੋਵੀਅਤ ਰੂਸ ਦੇ ਵਿਰੁੱਧ ਲੜਾਈ ਵਿੱਚ ਹਿੱਸਾ ਲਿਆ ਸੀ ਤੇ 1990 ਦੇ ਦਹਾਕੇ 'ਚ ਉਹ ਤਾਲਿਬਾਨ ਨਾਲ ਮਿਲ ਗਿਆ ਸੀ। ਹੱਕਾਨੀ ਤਾਲਿਬਾਨ ਦਾ ਹੀ ਇਕ ਖੁਦਮੁਖਤਿਆਰ ਧੜਾ ਹੈ, ਪਰ ਉਹ ਇਕੱਲਾ ਵੀ ਕੰਮ ਕਰ ਸਕਦਾ ਹੈ, ਕਿਉਂਕਿ ਉਸ ਦੇ ਸੰਪਰਕ ਅਲ ਕਾਇਦਾ ਤੇ ਅਰਬ ਦੇਸ਼ਾਂ ਨਾਲ ਹਨ। ਤਾਲਿਬਾਨ ਹੱਕਾਨੀ 'ਤੇ ਨਿਰਭਰ ਹੈ, ਕਿਉਂਕਿ ਉਸ ਗਰੁੱਪ ਕੋਲ 10 ਹਜ਼ਾਰ ਦੇ ਲਗਭਗ ਅੱਤਵਾਦੀ ਹਨ। ਜਲਾਲੂਦੀਨ ਹੱਕਾਨੀ ਨੇ 1980 ਦੌਰਾਨ ਅਫਗਾਨਿਸਤਾਨ 'ਚ ਰੂਸ ਦੇ ਵਧਦੇ ਗਲਬੇ ਨੂੰ ਰੋਕਣ ਲਈ ਅਮਰੀਕਾ ਅਤੇ ਪਾਕਿਸਤਾਨ ਦੀ ਸਹਾਇਤਾ ਨਾਲ ਹੱਕਾਨੀ ਨੈਟਵਰਕ ਬਣਾਇਆ ਸੀ। ਸਾਲ 2001 'ਚ ਤਾਲਿਬਾਨ ਨੂੰ ਸੱਤਾ ਤੋਂ ਉਖਾੜਨ ਮਗਰੋਂ ਅਮਰੀਕਾ ਤਾਲਿਬਾਨ ਦੇ ਨਾਲ ਹੱਕਾਨੀ ਨੈਟਵਰਕ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ 'ਚ ਹੈ। ਇਸੇ ਕਰਕੇ ਇਸ ਸੰਗਠਨ ਦੇ ਲੜਾਕਿਆਂ ਨੇ ਅਮਰੀਕਾ ਅਤੇ ਅਫਗਾਨ ਸਰਕਾਰ ਦੇ ਸੁਰੱਖਿਆ ਬਲਾਂ 'ਤੇ ਕਈ ਹਮਲੇ ਕੀਤੇ ਹਨ। ਕਿਹਾ ਜਾਂਦਾ ਹੈ ਕਿ ਇਹ ਧੜਾ ਪਾਕਿ-ਅਫਗਾਨ ਦੇ ਸਰਹੱਦੀ ਇਲਾਕਿਆਂ ਤੋਂ ਚੱਲਦਾ ਹੈ ਤੇ ਪਿਛਲੇ ਸਾਲਾਂ ਵਿੱਚ ਅਮਰੀਕਾ ਕਈ ਵਾਰ ਇਸ ਧੜੇ ਨੂੰ ਮਦਦ ਦੇਣ ਦਾ ਦੋਸ਼ ਲਾ ਚੁੱਕਾ ਹੈ। ਇਸ ਤੋਂ ਬਿਨਾ ਗੁਲਾਬੂਦੀਨ ਹਿਕਮਤਯਾਰ ਦਾ ਅਫਗਾਨੀ ਅੱਤਵਾਦੀ ਸੰਗਠਨ ਹੈ ਹਿਜ਼ਬ-ਏ-ਇਸਲਾਮੀ, ਜਿਸ ਦੇ ਲਗਭਗ ਇਕ ਹਜ਼ਾਰ ਤੋਂ ਜ਼ਿਆਦਾ ਲੜਾਕੇ ਹਨ।

4. ਕੌਮਾਂਤਰੀ ਅੱਤਵਾਦੀ ਸੰਗਠਨ: ਕੌਮਾਂਤਰੀ ਅੱਤਵਾਦੀ ਸੰਗਠਨ ਅਲ ਕਾਇਦਾ ਦਾ ਨੇਤਾ ਓਸਾਮਾ ਬਿਨ ਲਾਦੇਨ ਆਪਣੇ ਆਖਰੀ ਦਿਨਾਂ ਤੱਕ ਪਾਕਿਸਤਾਨ 'ਚ ਰਿਹਾ। ਅਲ ਕਾਇਦਾ ਅਤੇ ਉਸ ਦੇ ਸਹਿਯੋਗੀ ਸੰਗਠਨ ਵੀ ਪਾਕਿਸਤਾਨ 'ਚ ਸਰਗਰਮ ਹਨ। ਪਿਛਲੇ ਕੁਝ ਸਾਲਾਂ 'ਚ ਆਈ ਐਸ ਆਈ ਐਸ ਦਾ ਗਰੁੱਪ ਵੀ ਪਾਕਿਸਤਾਨ 'ਚ ਸਰਗਰਮ ਹੈ। ਉਸ ਨੇ ਤਿੰਨ ਵੱਡੇ-ਵੱਡੇ ਅੱਤਵਾਦੀ ਹਮਲੇ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਦੀ ਸਹਾਇਤਾ ਨਾਲ ਕੀਤੇ ਹਨ।

5. ਪਾਕਿਸਤਾਨੀ ਤਾਲਿਬਾਨ: ਪਾਕਿਸਤਾਨ ਬੜਾ ਅਜੀਬ ਦੇਸ਼ ਹੈ। ਇਕ ਪਾਸੇ ਉਹ ਅੱਤਵਾਦ ਨੂੰ ਸ਼ਹਿ ਦਿੰਦਾ ਹੈ ਤੇ ਦੂਜੇ ਪਾਸੇ ਅੱਤਵਾਦ ਤੋਂ ਪੀੜਤ ਹੈ। ਓਥੇ ਲਸ਼ਕਰੇ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਅੱਤਵਾਦੀ ਸੰਗਠਨ ਪਾਕਿ ਫੌਜ ਅਤੇ ਆਈ ਐਸ ਆਈ ਦੇ ਇਸ਼ਾਰੇ 'ਤੇ ਭਾਰਤ 'ਚ ਵਾਰਦਾਤਾਂ ਕਰਦੇ ਹਨ, ਦੂਜੇ ਪਾਸੇ ਤਹਿਰੀਕੇ-ਤਾਲਿਬਾਨ ਵਰਗਾ ਪਾਕਿਸਤਾਨੀ ਅੱਤਵਾਦੀ ਸੰਗਠਨ ਖੁਦ ਪਾਕਿਸਤਾਨ ਵਿਰੁੱਧ ਅੱਤਵਾਦੀ ਸਰਗਰਮੀਆਂ ਕਰ ਰਿਹਾ ਹੈ ਅਤੇ ਇਹ ਕਈ ਦਿਲ ਕੰਬਾਊ ਹਮਲੇ ਕਰ ਚੁੱਕਾ ਹੈ। ਇਸ ਸੰਗਠਨ 'ਚ ਕਈ ਅੱਤਵਾਦੀ ਧੜੇ ਸ਼ਾਮਲ ਹਨ।

6. ਕੌਮੀਅਤਾਂ ਦੇ ਸੰਗਠਨ: ਇਸ ਤੋਂ ਇਲਾਵਾ ਬਲੋਚਿਸਤਾਨ ਲਿਬਰੇਸ਼ਨ ਆਰਮੀ ਵਰਗੇ ਕੌਮੀਅਤ ਦੀ ਲੜਾਈ ਲੜਨ ਵਾਲੇ ਸੰਗਠਨ ਵੀ ਹਨ, ਜੋ ਉਪਰਲਿਆਂ ਵਿੱਚੋਂ ਕਿਸੇ ਵੀ ਸ਼੍ਰੇਣੀ 'ਚ ਨਹੀਂ ਆਉਂਦੇ। ਬਲੋਚ ਲਿਬਰੇਸ਼ਨ ਆਰਮੀ ਦੇ ਕਮਾਂਡਰ ਅਸਲਮ ਬਲੋਚ ਦਾ ਕਹਿਣਾ ਹੈ ਕਿ ਉਸ ਵੱਲੋਂ ਪਾਕਿਸਤਾਨ ਤੇ ਚੀਨ ਵਿਰੁੱਧ ਬਲੋਚਿਸਤਾਨ 'ਚ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਥੇ ਚੀਨ ਦਾ ਦਖਲ ਵਧ ਰਿਹਾ ਹੈ, ਜੋ ਪਾਕਿਸਤਾਨ ਵਿਰੁੱਧ ਬਲੋਚ ਧੜੇ ਦੀ ਲੜਾਈ ਲਈ ਵੱਡਾ ਖਤਰਾ ਹੈ। ਬਲੋਚ ਲਿਬਰੇਸ਼ਨ ਆਰਮੀ ਨੇ ਪਿਛਲੇ ਦਿਨੀਂ ਲਾਹੌਰ 'ਚ ਚੀਨੀ ਦੂਤਘਰ 'ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ ਅਤੇ ਕਿਹਾ ਸੀ ਕਿ 'ਪਿਛਲੇ 15-20 ਸਾਲਾਂ ਤੋਂ ਬਲੋਚਿਸਤਾਨ 'ਚ ਪਾਕਿਸਤਾਨ ਦਾ ਦਖਲ ਤੇਜ਼ੀ ਨਾਲ ਵਧਿਆ ਹੈ, ਖਾਸ ਕਰਕੇ ਜਦੋਂ ਤੋਂ ਉਸ ਦਾ ਚੀਨ ਨਾਲ ਰਿਸ਼ਤਾ ਤਕੜਾ ਹੋਇਆ ਹੈ। ਸੀ ਪੀ ਈ ਸੀ ਦੇ ਨਾਂਅ ਉਤੇ ਚੀਨ ਬਲੋਚਿਸਤਾਨ ਦੇ ਸੋਮਿਆਂ ਨੂੰ ਲੁੱਟ ਰਿਹਾ ਹੈ ਤੇ ਇਸੇ ਮੈਗਾ ਪ੍ਰਾਜੈਕਟ ਦੇ ਦਮ ਉੱਤੇ ਬਲੋਚਿਸਤਾਨ ਅਤੇ ਸਿੰਧ 'ਚ ਪਾਕਿਸਤਾਨ ਤੇ ਚੀਨ ਆਪਣੀ ਫੌਜੀ ਤਾਕਤ ਵਧਾ ਰਹੇ ਹਨ।' ਜ਼ਿਕਰ ਯੋਗ ਹੈ ਕਿ ਬਲੋਚਿਸਤਾਨ ਲਿਬਰੇਸ਼ਨ ਆਰਮੀ ਨੇ ਚੀਨ ਪਾਕਿ ਆਰਥਿਕ ਗਲਿਆਰੇ (ਸੀ ਪੀ ਈ ਸੀ) ਦੇ ਕੰਮ 'ਚ ਲੱਗੇ ਚੀਨੀ ਮੁਲਾਜ਼ਮਾਂ 'ਤੇ ਕਈ ਹਮਲੇ ਕੀਤੇ ਹਨ।

ਈਰਾਨ ਨੇ ਵੀ ਪਾਕਿਸਤਾਨ ਸਰਕਾਰ ਉੱਤੇ ਅੱਤਵਾਦ ਫੈਲਾਉਣ ਦਾ ਦੋਸ਼ ਲਾਇਆ ਹੈ। ਪਿਛਲੇ ਦਿਨੀਂ ਈਰਾਨ ਰੈਵੋਲਿਊਸ਼ਨਰੀ ਗਾਰਡਸ ਦੇ 27 ਜਵਾਨਾਂ ਦੀ ਅੱਤਵਾਦੀ ਹਮਲੇ 'ਚ ਮੌਤ ਪਿੱਛੋਂ ਇਸ ਫੋਰਸ ਦੇ ਕਮਾਂਡਰ ਮੇਜਰ ਜਨਰਲ ਮੁਹੰਮਦ ਅਲੀ ਜਾਫਰੀ ਨੇ ਜੇਹਾਦੀ ਗਰੁੱਪ ਜੈਸ਼-ਅਲ-ਅਦਲ ਵੱਲ ਇਸ਼ਾਰਾ ਕਰ ਕੇ ਕਿਹਾ ਸੀ ਕਿ ਪਾਕਿਸਤਾਨ ਸਰਕਾਰ ਨੂੰ ਪਤਾ ਹੈ ਕਿ ਇਹ ਲੋਕ ਕਿੱਥੇ ਹਨ। ਇਨ੍ਹਾਂ ਨੂੰ ਪਾਕਿਸਤਾਨ ਦੀਆਂ ਸੁਰੱਖਿਆ ਫੋਰਸਾਂ ਦਾ ਪੂਰਾ ਸਮਰਥਨ ਹੈ। ਜਾਫਰੀ ਨੇ ਇਹ ਚਿਤਾਵਨੀ ਦਿੱਤੀ, 'ਜੇ ਪਾਕਿ ਸਰਕਾਰ ਨੇ ਉਨ੍ਹਾਂ ਨੂੰ ਸਜ਼ਾ ਨਾ ਦਿੱਤੀ ਤਾਂ ਅਸੀਂ ਇਨ੍ਹਾਂ ਜੇਹਾਦੀ ਗਰੁੱਪਾਂ ਨੂੰ ਮੂੰਹ ਤੋੜ ਜਵਾਬ ਦੇਵਾਂਗੇ ਤੇ ਪਾਕਿਸਤਾਨ ਨੂੰ ਉਨ੍ਹਾਂ ਦਾ ਸਮਰਥਨ ਕਰਨ ਦਾ ਅੰਜਾਮ ਭੁਗਣਾ ਪਵੇਗਾ।'

ਇਸ ਤੋਂ ਪਹਿਲਾਂ ਚਾਬਹਾਰ ਬੰਦਰਗਾਹ 'ਤੇ ਹੋਏ ਧਮਾਕਿਆਂ ਦੀ ਜ਼ਿੰਮੇਵਾਰੀ ਸੁੰਨੀ ਅੱਤਵਾਦੀ ਸੰਗਠਨ ਜੁਨਦੁੱਲ੍ਹਾ ਨੇ ਲਈ ਸੀ। ਈਰਾਨ ਦਾ ਦਾਅਵਾ ਹੈ ਕਿ ਇਸ ਸੰਗਠਨ ਨੂੰ ਵੀ ਪਾਕਿਸਤਾਨ ਦੀ ਖੁਫੀਆ ਏਜੰਸੀ ਤੋਂ ਮਦਦ ਮਿਲਦੀ ਹੈ।

ਪਾਕਿਸਤਾਨ 'ਚ ਬਹੁਤ ਸਾਰੇ ਅਜਿਹੇ ਸੰਗਠਨ ਹਨ, ਜੋ ਪਾਕਿਸਤਾਨ ਦੀ ਫੌਜ ਅਤੇ ਆਈ ਐਸ ਆਈ ਦੇ ਇਸ਼ਾਰੇ 'ਤੇ ਵਿਦੇਸ਼ਾਂ 'ਚ ਅੱਤਵਾਦੀ ਸਰਗਰਮੀਆਂ ਕਰਦੇ ਹਨ। ਸਰਕਾਰ ਅਤੇ ਅੱਤਵਾਦੀ ਸੰਗਠਨਾਂ ਦਾ ਗੱਠਜੋੜ ਦੇਸ਼ ਲਈ ਸਭ ਤੋਂ ਵੱਡਾ ਖਤਰਾ ਬਣ ਗਿਆ ਹੈ।


Dr. Randhawa Dentistry



Your own dentist who really cares for you


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




NEED A LAWYER ??
KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਫੌਜੀ ਕੈਪਟਨ ਤੇ ਉਸ ਦੇ ਚਾਰ ਸਾਥੀ ਆਪਣੇ ਅਗਵਾ ਦਾ ਨਾਟਕ ਕਰਨ ਦੇ ਦੋਸ਼ ਵਿੱਚ ਨਾਮਜ਼ਦ



ਰੂਪਨਗਰ, 24 ਫਰਵਰੀ (ਪੋਸਟ ਬਿਊਰੋ)- ਆਪਣੇ ਅਗਵਾ ਦਾ ਨਾਟਕ ਕਰਨ ਵਾਲੇ ਫੌਜ ਦੇ ਕੈਪਟਨ ਤੇ ਉਸ ਦੇ ਚਾਰ ਸਾਥੀਆਂ ਦੇ ਵਿਰੁੱਧ ਰੂਪਨਗਰ ਪੁਲਸ ਨੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਕੈਪਟਨ ਵਿਕਰਮ ਸੋਲੰਕੀ, ਜਿਹੜਾ 22 ਸਿੱਖ ਰੈਜੀਮੈਂਟ, ਉਤਰਾਖੰਡ ਵਿੱਚ ਤੈਨਾਤ ਸੀ ਅਤੇ ਛੁੱਟੀ ਆਇਆ ਸੀ, ਕੱਲ੍ਹ ਰਾਤ ਉਹ ਤੇ ਉਹਦੇ ਚਾਰ ਸਾਥੀ ਆਪਣੀ ਕਾਰ ਵਿੱਚ ਸਵਾਰ ਹੋ ਕੇ ਹਿਮਾਚਲ ਪ੍ਰਦੇਸ਼ ਦੇ ਕਸੌਲ ਤੋਂ ਵਾਪਸ ਆ ਰਹੇ ਸਨ। ਰਾਤ ਕਰੀਬ ਅੱਠ ਵਜੇ ਜਦੋਂ ਉਹ ਕੀਰਤਪੁਰ ਸਾਹਿਬ ਕੋਲ ਆਏ ਤਾਂ ਉਨ੍ਹਾਂ ਅਚਾਨਕ ਆਪਣੀ ਕਾਰ ਰੋਕ ਦਿੱਤੀ, ਜਿਸ ਕਾਰਨ ਪਿੱਛੋਂ ਆ ਰਹੀ ਕਾਰ ਇਨ੍ਹਾਂ ਦੀ ਕਾਰ ਨਾਲ ਟਕਰਾ ਕੇ ਨੁਕਸਾਨੀ ਗਈ। ਇਸ ਨੂੰ ਲੈ ਕੇ ਸੋਲੰਕੀ ਤੇ ਉਨ੍ਹਾਂ ਦੇ ਸਾਥੀਆਂ ਦਾ ਦੂਜੀ ਕਾਰ ਵਿੱਚ ਬੈਠੇ ਲੋਕਾਂ ਨਾਲ ਝਗੜਾ ਹੋ ਗਿਆ। ਦੋਵਾਂ ਧਿਰਾਂ ਵਿਚਾਲੇ ਫੈਸਲਾ ਹੋਇਆ ਕਿ ਸੋਲੰਕੀ ਅਤੇ ਉਸ ਦੇ ਸਾਥੀ ਚੰਡੀਗੜ੍ਹ ਜਾ ਕੇ ਨੁਕਸਾਨੀ ਗਈ ਕਾਰ ਠੀਕ ਕਰਾਉਣਗੇ। ਫਿਰ ਦੋਵਾਂ ਧਿਰਾਂ ਦੇ ਦੋ-ਦੋ ਵਿਅਕਤੀ ਇੱਕ ਦੂਜੇ ਦੀਆਂ ਕਾਰਾਂ ਵਿੱਚ ਬੈਠ ਗਏ। ਇਸੇ ਦੌਰਾਨ ਕੈਪਟਨ ਸੋਲੰਕੀ ਨੇ ਆਪਣੇ ਫੌਜੀ ਯੂਨਿਟ ਦੇ ਵਟਸਐਪ ਗਰੁੱਪ ਵਿੱਚ ਮੈਸੇਜ ਪਾ ਦਿੱਤਾ ਕਿ ਉਸ ਨੂੰ ਅਗਵਾ ਕਰ ਲਿਆ ਗਿਆ ਹੈ। ਰੂਪਨਗਰ ਪੁਲਸ ਨੂੰ ਕੰਟਰੋਲ ਰੂਮ ਤੋਂ ਸੂਚਨਾ ਮਿਲੀ ਤੇ ਫੌਜੀ ਅਫਸਰਾਂ ਨੇ ਪੁਲਸ ਨਾਲ ਸੰਪਰਕ ਕੀਤਾ, ਜਿਸ ਪਿੱਛੋਂ ਪੁਲਸ ਹਰਕਤ ਵਿੱਚ ਆਈ ਤੇ ਕਾਰਾਂ ਨੂੰ ਪਿੰਡ ਬੰਨ੍ਹਮਾਜਰਾ ਕੋਲ ਘੇਰ ਲਿਆ। ਪੁੱਛ ਪੜਤਾਲ ਤੋਂ ਬਾਅਦ ਕੈਪਟਨ ਸੋਲੰਕੀ ਨੇ ਇਹ ਮੰਨਿਆ ਕਿ ਉਸ ਨੇ ਅਗਵਾ ਦਾ ਝੂਠਾ ਮੈਸੇਜ ਵਟਸਐਪ ਗਰੁੱਪ ਵਿੱਚ ਪਾ ਦਿੱਤਾ ਸੀ। ਥਾਣਾ ਸਿੰਘ ਭਗਵੰਤਪੁਰ ਵਿਖੇ ਕੈਪਟਨ ਸੋਲੰਕੀ, ਉਸ ਦੇ ਸਾਥੀ ਅਰਵਿੰਦ, ਬਾਲ ਇੰਦੂ ਰਾਏ, ਰਿਸ਼ਭ ਉਜਵਲ ਤੇ ਰਮਨ ਕੁਮਾਰ ਸਿੰਘ ਦੇ ਖਿਲਾਫ ਧਾਰਾ 182 ਦੀ ਕਾਰਵਾਈ ਕੀਤੀ ਗਈ ਤੇ ਨੁਕਸਾਨੀ ਕਾਰ ਵਿੱਚ ਬੈਠੇ ਸੋਨੀਪਤ (ਹਰਿਆਣਾ) ਦੇ ਦੀਪਕ ਸਿੰਘ, ਧਰਮਿੰਦਰ ਸਿੰਘ, ਨੀਰਜ ਕੇਮਾਰ, ਵਿਸ਼ਾਲ ਕੁਮਾਰ ਤੇ ਸੰਦੀਪ ਸਿੰਘ ਦੇ ਖਿਲਾਫ ਜ਼ਾਬਤਾ ਫੌਜਦਾਰੀ ਦੀ ਕਾਰਵਾਈ ਕਰ ਦਿੱਤੀ ਹੈ।

## ਜੱਗੀ ਜੌਹਲ ਸਣੇ ਅੱਠ ਜਣਿਆਂ ਦੇ ਖਿਲਾਫ ਚਾਰਜਸ਼ੀਟ ਦਾਖਲ




ਐਸ ਏ ਐਸ ਨਗਰ (ਮੁਹਾਲੀ) , 24 ਫਰਵਰੀ (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਸੀਨੀਅਰ ਆਗੂ ਅਮਿਤ ਅਰੋੜਾ ਉਤੇ ਲੁਧਿਆਣਾ ਵਿੱਚ ਕਰੀਬ ਚਾਰ ਸਾਲ ਪਹਿਲਾਂ ਹੋਏ ਕਾਤਲਾਨਾ ਹਮਲੇ ਦੇ ਕੇਸ ਵਿੱਚ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਕੱਲ੍ਹ ਐਨ ਆਈ ਏ ਅਦਾਲਤ ਵਿੱਚ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ ਜੱਗੀ ਜੌਹਲ ਸਣੇ ਅੱਠ ਜਣਿਆਂ ਦੇ ਵਿਰੁੱਧ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ। ਜੱਗੀ ਜੌਹਲ ਤੋਂ ਬਿਨਾਂ ਬਾਕੀ ਮੁਲਜ਼ਮਾਂ ਵਿੱਚ ਹਰਦੀਪ ਸਿੰਘ ਅਤੇ ਰਮਨਦੀਪ ਸਿੰਘ, ਧਰਮਿੰਦਰ ਸਿੰਘ, ਅਨਿਲ ਕੁਮਾਰ, ਹਰਮੀਤ ਸਿੰਘ, ਗੁਰਜਿੰਦਰ ਸ਼ਾਸਤਰੀ, ਗੁਰਸ਼ਰਨਬੀਰ ਸਿੰਘ ਸ਼ਾਮਲ ਹਨ। ਇਨ੍ਹਾਂ ਵਿੱਚੋਂ ਕਈ ਮੁਲਜ਼ਮਾਂ ਦੇ ਖਿਲਾਫ ਹਿੰਦੂ ਨੇਤਾ ਰਵਿੰਦਰ ਗੋਸਾਈ ਉਤੇ ਹਮਲੇ ਦੇ ਮਾਮਲੇ ਵਿੱਚ ਪਿਛਲੇ ਸਾਲ ਚਾਰ ਮਈ ਨੂੰ ਚਾਰਜਸ਼ੀਟ ਦਾਖਲ ਕਰ ਦਿੱਤੀ ਗਈ ਸੀ।

ਵਰਨਣ ਯੋਗ ਹੈ ਕਿ ਇਨ੍ਹਾਂ ਸਾਰੇ ਲੋਕਾਂ ਉੱਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਤ ਹੋਣ ਦੇ ਦੋਸ਼ ਲਾਏ ਗਏ ਹਨ ਅਤੇ ਇਨ੍ਹਾਂ ਉੱਤੇ ਸ਼ਿਵ ਸੈਨਾ ਆਗੂ ਦੇ ਕਤਲ ਦੀ ਸਾਜ਼ਿਸ਼ ਘੜਨ ਦਾ ਦੋਸ਼ ਹੈ। ਐਨ ਆਈ ਏ ਨੇ ਇਹ ਖਦਸ਼ਾ ਪ੍ਰਗਟ ਕੀਤਾ ਹੈ ਕਿ ਹਰਮੀਤ ਹੈਪੀ ਦੇ ਪਾਕਿਸਤਾਨ ਵਿੱਚ ਹੋ ਸਕਦੇ ਹਨ ਅਤੇ ਗੁਰਜਿੰਦਰ ਸ਼ਾਸਤਰੀ ਦੇ ਇਟਲੀ ਵਿੱਚ ਤੇ ਗੁਰਸ਼ਰਨਬੀਰ ਦੇ ਯੂ ਕੇ ਵਿੱਚ ਲੁਕੇ ਹੋਣ ਦਾ ਸ਼ੱਕ ਹੈ। ਇਨ੍ਹਾਂ ਸਾਰਿਆਂ ਦੇ ਸੰਬੰਧ ਪਾਕਿ-ਸਤਾਨ ਵਿੱਚ ਬੈਠੇ ਖਾੜਕੂਆਂ ਅਤੇ ਹੋਰ ਕਈ ਦੇਸ਼ਾਂ ਨਾਲ ਜੁੜੇ ਦੱਸੇ ਗਏ ਹਨ ਤੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਕਈ ਕੇਸਾਂ ਵਿੱਚ ਇਟਲੀ, ਆਸਟਰੇਲੀਆ ਅਤੇ ਯੂ ਕੇ ਵਿੱਚੋਂ ਵੱਡੇ ਫੰਡ ਰਿਲੀਜ਼ ਹੋਏ ਹਨ। ਹਰਦੀਪ ਸਿੰਘ ਸ਼ੇਰਾ ਅਤੇ ਰਮਨਦੀਪ 'ਤੇ ਹਥਿਆਰਾਂ ਦਾ ਪ੍ਰਬੰਧ ਕਰਨ ਦਾ ਦੋਸ਼ ਲਾਇਆ ਗਿਆ ਹੈ। ਇਨ੍ਹਾਂ ਵਿੱਚੋਂ ਹਰਦੀਪ ਵਿਦੇਸ਼ੀ ਨਾਗਰਿਕ ਹੈ, ਜਦ ਕਿ ਰਮਨਦੀਪ ਲੁਧਿਆਣਾ ਦਾ ਵਸਨੀਕ ਹੈ। ਇਨ੍ਹਾਂ ਨੂੰ ਯੂ ਕੇ ਦੇ ਨਾਗਰਿਕ ਗੁਰਸ਼ਰਨਬੀਰ ਨੇ ਸਿਖਲਾਈ ਦਿੱਤੀ ਦੱਸੀ ਗਈ ਤੇ ਜੱਗੀ ਜੌਹਲ 'ਤੇ ਵੀ ਫੰਡ ਪੁਚਾਉਣ ਦਾ ਦੋਸ਼ ਹੈ। ਸਾਰੀ ਸਾਜ਼ਿਸ਼ ਦੀ ਨਜ਼ਰਸਾਨੀ ਹਰਮੀਤ ਸਿੰਘ 'ਤੇ ਪਾਕਿਸਤਾਨ ਵਿੱਚ ਬੈਠ ਕੇ ਕਰਨ ਦਾ ਦੋਸ਼ ਹੈ।

## ਕੋਟਕਪੂਰਾ ਕਾਂਡ ਦੀ ਸੀ ਸੀ ਟੀ ਵੀ ਫੁਟੇਜ ਨਾਲ ਪੁਲਸ ਵੱਲੋਂ ਛੇੜਛਾੜ ਦਾ ਦਾਅਵਾ

* ਅਦਾਲਤ 'ਚ ਜਾਂਚ ਟੀਮ ਨੇ ਪੁਲਸ ਫਾਇਰਿੰਗ ਦੀ ਵੀਡੀਓ ਦਿਖਾਈ



ਫਰੀਦਕੋਟ, 24 ਫਰਵਰੀ (ਪੋਸਟ ਬਿਊਰੋ)- ਸਾਢੇ ਤਿੰਨ ਸਾਲ ਪਹਿਲਾਂ ਕੋਟਕਪੂਰਾ 'ਚ ਹੋਈ ਪੁਲਸ ਫਾਇਰਿੰਗ ਦੀ ਸੀ ਸੀ ਟੀ ਵੀ ਫੁਟੇਜ ਨਾਲ ਛੇੜਖਾਨੀ ਅਤੇ ਨੁਕਸਾਨ ਪੁਚਾਉਣ ਦੇ ਦੋਸ਼ ਲੱਗਣ ਨਾਲ ਕਈ ਪੁਲਸ ਅਧਿਕਾਰੀ ਮੁਸ਼ਕਲਾਂ ਵਿੱਚ ਘਿਰ ਗਏ ਹਨ। ਆਈ ਜੀ ਪਰਮਰ-ਾਜ ਸਿੰਘ ਉਮਰਾਨੰਗਲ ਦੇ ਪੁਲਸ ਰਿਮਾਂਡ 'ਚ ਵਾਧੇ ਦੀ ਮੰਗ ਸਮੇਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਕੱਲ੍ਹ ਫਰੀਦਕੋਟ ਦੇ ਜੁਡੀਸ਼ਲ ਮੈਜਿਸਟਰੇਟ ਸਾਹਮਣੇ ਭੇਤ ਖੋਲ੍ਹਿਆ ਕਿ ਸ਼ਾਂਤੀਪੂਰਨ ਧਰਨਾ ਦੇ ਰਹੇ ਲੋਕਾਂ ਉੱਤੇ ਬਿਨਾਂ ਭੜਕਾਹਟ ਦੇ ਗੋਲੀ ਚਲਾਉਣ ਦੀ ਘਟਨਾ ਛਿਪਾਉਣ ਲਈ ਦੋਸ਼ੀ ਪੁਲਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਸੀ ਸੀ ਟੀ ਵੀ ਫੁਟੇਜ਼ ਨੂੰ ਨੁਕਸਾਨ ਪੁਚਾਇਆ ਗਿਆ ਸੀ। ਕੋਟਕਪੂਰਾ ਦੇ ਮੁੱਖ ਚੌਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ 14 ਅਕਤੂਬਰ 2015 ਨੂੰ ਵਾਪਰੀ ਗੋਲੀਬਾਰੀ ਦੀ ਘਟਨਾ ਕੈਦ ਹੋ ਗਈ ਸੀ।

ਕੱਲ੍ਹ ਅਦਾਲਤ ਵਿੱਚ ਐੱਸ ਆਈ ਟੀ ਨੇ ਕੁਝ ਵੀਡੀਓ ਕਲਿਪਾਂ ਚਲਾਈਆਂ, ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਕਿ ਪੁਲਸ ਨੇ ਪ੍ਰਦਰਸ਼ਨਕਾਰੀਆਂ 'ਤੇ ਜ਼ੁਲਮ ਢਾਹਿਆ ਸੀ। ਐੱਸ ਆਈ ਟੀ ਦੇ ਇਸ ਦਾ ਵਿਰੋਧ ਕਰਦਿਆਂ ਉਮਰਾਨੰਗਲ ਦੇ ਵਕੀਲ ਨੇ ਵੀ ਅਦਾਲਤ ਵਿੱਚ ਇੱਕ ਹੋਰ ਵੀਡੀਓ ਚਲਾਈ ਅਤੇ ਦਾਅਵਾ ਕੀਤਾ ਕਿ ਪੁਲਸ ਨੇ ਸਵੈ ਰੱਖਿਆ 'ਚ ਗੋਲੀਆਂ ਚਲਾਈਆਂ ਸਨ। ਵੀਡੀਓ ਦੇ ਆਧਾਰ ਉੱਤੇ ਵਕੀਲਾਂ ਨੇ ਦਾਅਵਾ ਕੀਤਾ ਕਿ ਆਮ ਲੋਕਾਂ ਕੋਲ ਵੀ ਤੇਜ਼ਧਾਰ ਹਥਿਆਰ ਸਨ। ਦੋਸ਼ੀਆਂ ਦੇ ਵਕੀਲ ਦੀ ਇਸ ਕਹਾਣੀ ਦਾ ਵਿਰੋਧ ਕਰਦਿਆਂ ਐੱਸ ਆਈ ਟੀ ਨੇ ਦਾਅਵਾ ਕੀਤਾ ਕਿ ਗੋਲੀਆਂ ਚਲਾਉਣ ਤੋਂ ਪਹਿਲਾਂ ਡਿਊਟੀ ਮੈਜਿਸਟਰੇਟ ਤੋਂ ਕੋਈ ਇਜਾਜ਼ਤ ਵੀ ਨਹੀਂ ਲਈ ਗਈ। ਐੱਸ ਆਈ ਟੀ ਨੇ ਕਿਹਾ ਕਿ ਗੋਲੀਆਂ ਚਲਾ ਲੈਣ ਪਿੱਛੋਂ ਪੁਲਸ ਨੇ ਡਿਊਟੀ ਮੈਜਿਸਟਰੇਟ ਤੋਂ ਇਸ ਦੀ ਜਬਰੀ ਇਜਾਜ਼ਤ ਲਈ। ਡਿਊਟੀ ਮੈਜਿਸਟਰੇਟ ਨੇ ਐੱਸ ਆਈ ਟੀ ਦੇ ਕੋਲ ਇੱਕ ਬਿਆਨ 'ਚ ਇਹ ਗੱਲ ਕਬੂਲੀ ਹੈ।

## ਬਾਦਲ ਦੀ ਗ੍ਰਿਫਤਾਰੀ ਦੀ ਪੇਸ਼ਕਸ਼ ਦਾ ਅਮਰਿੰਦਰ ਵਲੋਂ ਕੌੜਾ ਪ੍ਰਤੀਕਰਮ

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਸ ਤਾਜ਼ਾ ਬਿਆਨ, ਕਿ 'ਕਰ ਲਓ ਮੈਨੂੰ ਗ੍ਰਿਫਤਾਰ', ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਦਲ ਦੀ ਲੋਕਾਂ ਸਾਹਮਣੇ ਜ਼ਾਹਰਾ ਤੌਰ ਉੱਤੇ ਘਬਰਾਹਟ ਦੀ ਝਲਕ ਕਿਹਾ ਹੈ। ਉਨ੍ਹਾਂ ਨੇ ਬਾਦਲ ਨੂੰ ਲਗਾਤਾਰ ਇਹ ਢੌਂਗ ਰਚਣ ਦੇ ਵਿਰੁਧ ਚਿਤਾਵਨੀ ਦੇ ਕੇ ਕਿਹਾ ਕਿ ਇਹ ਨੌਟੰਕੀ ਅਕਾਲੀ ਦਲ ਦੀ ਖੁੱਸ ਚੁੱਕੀ ਸਿਆਸੀ ਜ਼ਮੀਨ ਮੁੜ ਕੇ ਹਾਸਲ ਕਰਨ ਵਿਚ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਸਕੇਗੀ।

ਇੱਕ ਦਿਨ ਪਹਿਲਾਂ ਵੱਡੇ ਬਾਦਲ ਨੇ ਇਹ ਚੁਣੌਤੀ ਦਿੱਤੀ ਸੀ ਕਿ ਮੈਨੂੰ ਜਿਸ ਨੇ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਣਾ ਹੈ, ਕਰ ਲਵੇ ਤੇ ਮੈਂ ਸਾਰੀ ਉਮਰ ਜੇਲ੍ਹਾਂ ਵਿੱਚ ਹੀ ਰਿਹਾ ਹਾਂ। ਇਸ ਨਾਟਕੀ ਪੇਸ਼ਕਸ਼ ਉੱਤੇ ਸਖਤ ਪ੍ਰਤੀਕਿਰਿਆ ਦੇਂਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਵੱਡੇ ਬਾਦਲ ਦਾ ਇਕ ਹੋਰ ਡਰਾਮਾ ਕਹਿ ਕੇ ਖਿੱਲੀ ਉਡਾਈ ਤੇ ਕਿਹਾ ਕਿ ਬੇਅਦਬੀ ਦੇ ਕੇਸਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਕਾਰਨ ਬਾਦਲ ਅਪਣੇ ਆਪ ਨੂੰ ਨੁੱਕਰੇ ਲੱਗਾ ਸਮਝਦਾ ਹੈ। ਮੁੱਖ ਮੰਤਰੀ ਨੇ ਕਿਹਾ, 'ਜੇ ਉਸ (ਵੱਡੇ ਬਾਦਲ) ਕੋਲ ਲੁਕਾਉਣ ਨੂੰ ਕੁਝ ਨਹੀਂ ਤਾਂ ਏਨਾ ਰੌਲਾ-ਰੱਪਾ ਕਿਉਂ ਪਾ ਰਿਹਾ ਹੈ।' ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਜਦੋਂ ਵੀ ਬੇਚੈਨੀ ਦੀ ਸਥਿਤੀ ਵੇਖਣੀ ਪਵੇ ਤਾਂ ਉਹ ਅਪਣੀ ਆਦਤ ਅਨੁਸਾਰ ਏਦਾਂ ਦਾ ਢੌਂਗ ਰਚਦਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਬਹਿਬਲ ਕਲਾਂ ਅਤੇ ਕੋਟਕਪੁਰਾ ਗੋਲੀ ਕਾਂਡ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਕਦੇ ਵੀ ਬਾਦਲ ਜਾਂ ਕਿਸੇ ਹੋਰ ਦਾ ਨਾਂ ਨਹੀਂ ਲਿਆ ਅਤੇ ਬਾਦਲ ਦੀ ਇਹ ਪ੍ਰਤੀਕਿਰਿਆ ਉਸ ਦੇ ਆਪਣੇ ਗੁਨਾਹਗਾਰ ਜ਼ਮੀਰ ਦਾ ਪ੍ਰਗਟਾਵਾ ਹੈ।

## ਕੁੜੀ ਦੀ ਖੁਦਕੁਸ਼ੀ ਦੇ ਕੇਸ ਵਿੱਚ ਜ਼ਿਮੀਦਾਰ ਦੋਸ਼ੀ ਨਾਮਜ਼ਦ



ਲੁਧਿਆਣਾ, 24 ਫਰਵਰੀ (ਪੋਸਟ ਬਿਊਰੋ)- ਸੰਗੋਵਾਲ ਇਲਾਕੇ ਵਿੱਚ ਛੇੜਛਾੜ ਤੋਂ ਪ੍ਰੇਸ਼ਾਨ ਹੋਈ ਇੱਕ ਮੁਟਿਆਰ ਵੱਲੋਂ ਖੁਦਕੁਸ਼ੀ ਕਰਨ ਦੇ ਕੇਸ ਵਿੱਚ ਥਾਣਾ ਡੇਹਲੋਂ ਦੀ ਪੁਲਸ ਨੇ ਕੱਲ੍ਹ ਉਸ ਜ਼ਿਮੀਦਾਰ ਨੂੰ ਵੀ ਨਾਮਜ਼ਦ ਕਰ ਲਿਆ ਹੈ, ਜਿਸ ਦੇ ਘਰ ਉਹ ਕੰਮ ਕਰਦੀ ਸੀ। ਪੁਲਸ ਨੇ ਇਹ ਕਾਰਵਾਈ ਲੜਕੀ ਦੇ ਪਰਵਾਰਕ ਮੈਂਬਰਾਂ ਵੱਲੋਂ ਕਚਹਿਰੀ ਵਿੱਚ ਧਰਨਾ ਦੇਣ ਪਿੱਛੋਂ ਕੀਤੀ ਹੈ। ਧਰਨੇ ਦੌਰਾਨ ਲੜਕੀ ਦੇ ਪਰਵਾਰ ਨੇ ਦੱਸਿਆ ਕਿ ਨੌਜਵਾਨਾਂ ਵੱਲੋਂ ਮੁਟਿਆਰ ਨਾਲ ਛੇੜਛਾੜ ਤੋਂ ਬਾਅਦ ਜ਼ਿਮੀਂਦਾਰ ਬਿੱਕਰ ਸਿੰਘ ਉਸ ਨੂੰ ਮੂੰਹ ਬੰਦ ਰੱਖਣ ਲਈ ਧਮਕਾ ਰਿਹਾ ਸੀ। ਪਤਾ ਲੱਗਾ ਹੈ ਕਿ ਸੰਗੋਵਾਲ ਦੀ ਦਲਿਤ ਮੁਟਿਆਰ ਸੰਗੋਵਾਲ ਦੇ ਹੀ ਜ਼ਿਮੀਦਾਰ ਬਿੱਕਰ ਸਿੰਘ ਦੇ ਘਰ ਸਫਾਈ ਦਾ ਕੰਮ ਕਰਦੀ ਸੀ। ਉਸ ਦੇ ਗੁਆਂਢ ਦੋ ਸਕੇ ਭਰਾ ਜਗਦੀਪ ਸਿੰਘ ਤੇ ਗੁਰਮੀਤ ਸਿੰਘ ਅਕਸਰ ਉਸ ਨਾਲ ਛੇੜਛਾੜ ਕਰਦੇ ਸਨ। ਕੁਝ ਦਿਨ ਪਹਿਲਾਂ ਦੋਵਾਂ ਨੌਜਵਾਨਾਂ ਨੇ ਮੁਟਿਆਰ ਨੂੰ ਰਸਤੇ ਚ ਰੋਕ ਕੇ ਛੇੜਛਾੜ ਕੀਤੀ ਤੇ ਉਹ ਪੱਤ ਬਚਾਉਣ ਲਈ ਇੱਕ ਘਰ ਵਿੱਚ ਵੜ ਗਈ। ਅਗਲੇ ਦਿਨ ਮੁਟਿਆਰ ਨੇ ਜ਼ਿਮੀਦਾਰ ਬਿੱਕਰ ਸਿੰਘ ਨੂੰ ਸ਼ਿਕਾਇਤ ਕਰ ਕੇ ਦੋਵਾਂ ਨੌਜਵਾਨਾਂ ਦੀ ਝਾੜ ਝੰਬ ਕਰਨ ਨੂੰ ਕਿਹਾ, ਪਰ ਬਿੱਕਰ ਸਿੰਘ ਨੇ ਉਲਟਾ ਉਸ ਉਪਰ ਦਬਾਅ ਬਣਾਇਆ। ਸ਼ਰਮਸਾਰ ਹੋਈ ਕੁੜੀ ਨੇ ਘਰ ਆ ਕੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਥਾਣਾ ਡੇਹਲੋਂ ਪੁਲਸ ਨੇ ਮੁਟਿਆਰ ਦੇ ਰਿਸ਼ਤੇਦਾਰ ਦੇ ਬਿਆਨਾਂ 'ਤੇ ਨੌਜਵਾਨ ਜਗਦੀਪ ਸਿੰਘ ਅਤੇ ਗੁਰਮੀਤ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕੀਤੀ ਹੈ। ਪ੍ਰਦਰਸ਼ਨ ਦੌਰਾਨ ਲੜਕੀ ਦੇ ਪਰਵਾਰ ਦਾ ਕਹਿਣਾ ਸੀ ਕਿ ਜੇ ਜ਼ਿਮੀਦਾਰ ਬਿੱਕਰ ਸਿੰਘ ਨੌਜਵਾਨਾਂ ਨੂੰ ਘੂਰਦਾ ਤਾਂ ਮੁਟਿਆਰ ਦੀ ਜਾਨ ਬਚ ਸਕਦੀ ਸੀ। ਉਸ ਨੇ ਉਲਟਾ ਮੁਟਿਆਰ ਉਤੇ ਦਬਾਅ ਬਣਾਇਆ ਤਾਂ ਉਸ ਨੇ ਖੁਦਕੁਸ਼ੀ ਕਰ ਲਈ।

## ਪੇਂਟ ਕਾਰੋਬਾਰੀ ਨੇ ਪਤਨੀ ਤੋਂ ਦੁਖੀ ਹੋ ਕੇ ਫਾਹਾ ਲਿਆ, ਸੁਸਾਈਡ ਨੋਟ ਬਰਾਮਦ



ਮ੍ਰਿਤਕ ਕਾਰੋਬਾਰੀ ਆਪਣੀ ਪਤਨੀ ਨਾਲ।

ਜਲੰਧਰ, 24 ਫਰਵਰੀ (ਪੋਸਟ ਬਿਊਰੋ)- ਪਿੰਡ ਗਾਜੀਪੁਰ ਦੇ 28 ਸਾਲਾ ਪੇਂਟ ਕਾਰੋਬਾਰੀ ਨੇ ਆਪਣੀ ਪਤਨੀ ਤੋਂ ਪ੍ਰੇਸ਼ਾਨ ਹੋ ਕੇ ਬਾਥਰੂਮ ਵਿੱਚ ਫਾਹਾ ਲੈ ਕੇ ਜਾਨ ਦੇ ਦਿੱਤੀ ਹੈ। ਮ੍ਰਿਤਕ ਦਾ ਇੱਕ ਮਹੀਨਾ ਪਹਿਲਾਂ ਵਿਆਹ ਹੋਇਆ ਸੀ। ਉਸ ਦੀ ਪਛਾਣ ਹਰਕਮਲਜੀਤ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਕਪੂਰਥਲਾ ਰੋਡ, ਗਾਜ਼ੀਪੁਰ ਵਜੋਂ ਹੋਈ ਹੈ।

ਜਾਂਚ ਦੌਰਾਨ ਪੁਲਸ ਨੂੰ ਹਰਕਮਲਜੀਤ ਸਿੰਘ ਦੀ ਜੇਬ 'ਚੋਂ ਸੁਸਾਈਡ ਨੋਟ ਮਿਲਿਆ ਹੈ, ਜਿਸ ਵਿੱਚ ਉਸ ਨੇ ਮੌਤ ਦਾ ਜ਼ਿੰਮੇਵਾਰ ਆਪਣੀ ਪਤਨੀ ਨੀਰੂ ਭਾਮਰਾ ਨੂੰ ਦੱਸਿਆ ਹੈ। ਪਤਾ ਲੱਗਾ ਹੈ ਕਿ ਹਰਕਮਲਜੀਤ ਸਿੰਘ ਦਾ ਮੰਡ ਅੱਡੇ ਉਤੇ ਸੋਨੀ ਪੇਂਟ ਸਟੋਰ ਹੈ ਅਤੇ ਉਹ ਆਪਣੇ ਪਰਵਾਰ ਦਾ ਇਕਲੌਤਾ ਪੁੱਤਰ ਸੀ। ਉਸ ਦਾ ਨੀਰੂ ਭਾਮਰਾ ਨਾਲ ਇੱਕ ਮਹੀਨਾ ਪਹਿਲਾਂ ਵਿਆਹ ਹੋਇਆ ਸੀ। ਦੋਵਾਂ ਨੂੰ ਘੁੰਮਣ ਦਾ ਸ਼ੌਕ ਸੀ। ਪਤਨੀ ਦੇ ਸ਼ੌਕ ਪੂਰੇ ਕਰਨ ਲਈ ਕੁਝ ਦਿਨ ਪਹਿਲਾਂ ਉਹ ਮਲੇਸ਼ੀਆ ਘੁਮਾ ਕੇ ਲਿਆਇਆ ਸੀ ਤੇ ਦੋਬਾਰਾ ਸਿੰਗਾਪੁਰ ਜਾਣਾ ਸੀ। ਪਰਵਾਰ ਨੇ ਦੱਸਿਆ ਕਿ ਹਰਕਮਲਜੀਤ ਸਿੰਘ ਵਿਆਹ ਵੇਲੇ ਤੋਂ ਪ੍ਰੇਸ਼ਾਨ ਸੀ। ਉਸ ਦੀ ਪਤਨੀ ਪੂਰੇ ਪਰਵਾਰ ਨੂੰ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਦੇ ਕੇ ਤੰਗ ਕਰਨ ਲੱਗੀ ਸੀ। 20 ਤਰੀਕ ਦੀ ਉਹ ਦਸੂਹਾ ਆਪਣੇ ਪੇਕੇ ਗਈ ਅਤੇ ਉਥੇ ਬੈਠੀ ਵੀ ਰੋਜ਼ ਧਮਕੀਆਂ ਦਿੰਦੀ ਰਹਿੰਦੀ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕ ਲਿਆ।

## ਬੀ ਐੱਸ ਐੱਫ ਦੀ ਗੋਲੀ ਨਾਲ ਜ਼ਖਮੀ ਹੋਈ ਪਾਕਿ ਮਹਿਲਾ ਦੀ ਮੌਤ

ਅੰਮ੍ਰਿਤਸਰ, 24 ਫਰਵਰੀ (ਪੋਸਟ ਬਿਊਰੋ)- ਡੇਰਾ ਬਾਬਾ ਨਾਨਕ ਨੇੜਲੀ ਭਾਰਤ-ਪਾਕਿ ਸਰਹੱਦ ਤੋਂ ਗੈਰ ਕਾਨੂੰਨੀ ਢੰਗ ਨਾਲ ਭਾਰਤ ਵਿੱਚ ਦਾਖਲ ਹੋਣ ਵਾਲੀ ਪਾਕਿਸਤਾਨੀ ਔਰਤ ਦੀ ਕੱਲ੍ਹ ਸਵੇਰੇ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿੱਚ ਮੌਤ ਹੋ ਗਈ। ਉਹ ਸਰਹੱਦ ਤੋਂ ਭਾਰਤ ਦਾਖਲ ਹੋਣ ਵੇਲੇ ਗੋਲੀ ਨਾਲ ਜਖ਼ਮੀ ਹੋਈ ਸੀ। ਮਿਲੀ ਜਾਣਕਾਰੀ ਅਨੁਸ-ਾਰ ਭਾਰਤ ਵਿੱਚ ਵੜਨ ਵੇਲੇ ਸਰਹੱਦ ਉੱਤੇ ਬੀ ਐਸ ਐਫ ਦੇ ਜਵਾਨਾਂ ਨੇ ਪਹਿਲਾਂ ਇਸ ਔਰਤ ਨੂੰ ਲਲਕਾਰਿਆ ਤੇ ਜਦ ਇਹ ਔਰਤ ਭਾਰਤੀ ਸਰਹੱਦ ਕਰਾਸ ਕਰਨ ਲੱਗੀ ਤਾਂ ਜਵਾਨਾਂ ਨੇ ਇਸ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਈ। ਬੀ ਐਸ ਐਫ ਨੇ ਇਸ ਨੂੰ ਪਹਿਲਾਂ ਡੇਰਾ ਬਾਬਾ ਨਾਨਕ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ, ਫਿਰ ਅੰਮ੍ਰਿਤਸਰ ਦੇ ਗੁਰੂ ਨਾਨਕ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਸੀ। ਜਿਥੇ ਕੱਲ੍ਹ ਸਵੇਰੇ ਉਸ ਨੇ ਦਮ ਤੋੜ ਦਿੱਤਾ।

## ਗ੍ਰਿਫਤਾਰੀ ਦੀ ਪੇਸ਼ਕਸ਼ ਮਗਰੋਂ ਬਾਦਲ ਦਾ ਇੱਕ ਹੋਰ ਯੂ ਟਰਨ

ਸੰਗਰੂਰ, 24 ਫਰਵਰੀ, (ਪੋਸਟ ਬਿਊਰੋ)- ਬੀਤੇ ਵੀਰਵਾਰ ਨੂੰ ਚੰਡੀਗੜ੍ਹ ਵਿੱਚ ਆਪਣੀ ਗ੍ਰਿਫਤਾਰੀ ਦੀ ਪੇਸ਼ਕਸ਼ ਕਰਨ ਪਹੁੰਚੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇਸ ਤੋਂ ਯੂ-ਟਰਨ ਲੈ ਲਿਆ ਹੈ।

ਗ੍ਰਿਫਤਾਰੀ ਦੀ ਪੇਸ਼ਕਸ਼ ਕਰਨ ਤੋਂ ਸਿਰਫ ਇਕ ਦਿਨ ਬਾਅਦ ਅੱਜ ਸ਼ੁੱਕਰਵਾਰ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜੇ ਕਿਸੇ ਰਾਜ ਵਿਚ ਕੋਈ ਘਟਨਾ ਵਾਪਰਦੀ ਹੈ ਤਾਂ ਇਸ ਦਾ ਜ਼ਿੰਮੇਵਾਰ ਮੁੱਖ ਮੰਤਰੀ ਨਹੀਂ ਹੁੰਦਾ। ਉਨ੍ਹਾਂ ਇੱਕ ਮਿਸਾਲ ਦਿੱਤੀ ਕਿ ਜਿਵੇਂ ਪੁਲਵਾਮਾ ਵਿਚ ਅੱਤਵਾਦੀ ਹਮਲਾ ਹੋਇਆ ਹੇ, ਕੀ ਪ੍ਰਧਾਨ ਮੰਤਰੀ ਉੱਤੇ ਕੇਸ ਦਰਜ ਹੋਵੇ, ਇਸ ਤਰ੍ਹਾਂ ਨਹੀਂ ਹੋ ਸਕਦਾ। ਸਾਬਕਾ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਆਪਣੀ ਵਿਸ਼ੇਸ਼ ਜਾਂਚ ਟੀਮ ਬਣਾ ਕੇ ਸਿਰਫ ਸਾਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਹਨ, ਪੰਜਾਬ ਦੀ ਕਾਂਗਰਸ ਸਰਕਾਰ ਬਦਲੇ ਦੀ ਭਾਵਨਾ ਨਾਲ ਕੰਮ ਕਰਦੀ ਹੈ।

We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



## ਭਾਰਤ ਨੂੰ ਪਹਿਲੀ ਵਾਰ ਇਸਲਾਮਿਕ ਦੇਸ਼ਾਂ ਦੇ ਸੰਮੇਲਨ ਲਈ ਸੱਦਾ

ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਅੱਤਵਾਦੀ ਹਮਲੇ ਪਿੱਛੋਂ ਭਾਰਤ ਸੰਸਾਰ ਪੱਧਰ ਉੱਤੇ ਲਗਾਤਾਰ ਪਾਕਿਸਤਾਨ ਦੀ ਜਿਹੜੀ ਘੇਰਾਬੰਦੀ ਕਰ ਰਿਹਾ ਹੈ, ਉਸ ਦਾ ਅਸਰ ਦਿੱਸਣ ਲੱਗਾ ਹੈ। ਇਸੇ ਲਈ ਇਸ ਵਾਰ ਇਸਲਾਮਿਕ ਸਹਿਯੋਗ ਸੰਗਠਨ (ਆਈ ਓ ਸੀ) ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਹਿੱਸਾ ਲੈਣ ਲਈ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਗੈਸਟ ਆਫ ਆਨਰ ਵਜੋਂ ਸੱਦਿਆ ਗਿਆ ਹੈ।

ਯੂ ਏ ਈ ਸਰਕਾਰ ਦੇ ਵਿਦੇਸ਼ ਮੰਤਰੀ ਐੱਸ ਐੱਚ ਸ਼ੇਖ ਅਬਦੁੱਲਾ ਬਿਨ ਜ਼ਾਇਦ ਅਲ ਨਾਹਯਾਨ ਨੇ ਅੱਜ ਸੁਸ਼ਮਾ ਸਵਰਾਜ ਨੂੰ ਗੈਸਟ ਆਫ ਆਨਰ ਵਜੋਂ ਸਨਮਾਨਿਤ ਕਰਨ ਲਈ ਸੱਦਾ ਦਿੱਤਾ ਹੈ। ਓ ਆਈ ਸੀ ਦੇ ਵਿਦੇਸ਼ ਮੰਤਰੀਆਂ ਦੀ ਕੌਂਸਲ ਦੇ 46ਵੇਂ ਸੈਸ਼ਨ ਦੇ ਉਦਘਾਟਨ ਸਮਾਰੋਹ ਨੂੰ ਸੁਸ਼ਮਾ ਸਵਰਾਜ ਸੰਬੋਧਨ ਕਰੇਗੀ। ਕਰੀਬ ਪੰਜਾਹ ਸਾਲਾਂ ਤੋਂ ਹੋ ਰਹੇ ਇਸ ਸੰਮੇਲਨ ਵਿੱਚ ਵਿਦੇਸ਼ ਮੰਤਰੀਆਂ ਦੀ ਕੌਂਸਲ ਦੇ ਸਮਾਗਮ ਵਿੱਚ ਭਾਰਤ ਨੂੰ ਪਹਿਲੀ ਵਾਰ ਸੱਦਾ ਮਿਲਿਆ ਹੈ।

## ਯੂ ਪੀ ਵਿੱਚ ਪਟਾਕਿਆਂ ਦੀ ਦੁਕਾਨ ਵਿੱਚ ਧਮਾਕੇ ਨਾਲ 13 ਮੌਤਾਂ



ਭਦੋਹੀ (ਉਤਰ ਪ੍ਰਦੇਸ਼), 24 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਭਦੋਹੀ ਕਸਬੇ ਨੇੜੇ ਚੋਰੀ ਖੇਤਰ ਦੇ ਰੋਟਹਾਂ ਪਿੰਡ ਵਿੱਚ ਕੱਲ੍ਹ ਸਵੇਰੇ ਇੱਕ ਪਟਾਕਿਆਂ ਦੇ ਵਪਾਰੀ ਦੀ ਆਪਣੇ ਘਰ 'ਚ ਖੋਲ੍ਹੀ ਪਟਾਕਿਆਂ ਦੀ ਦੁਕਾਨ ਵਿੱਚ ਧਮਾਕਾ ਹੋ ਗਿਆ। ਇਸ ਧਮਾਕੇ ਨਾਲ ਪੂਰਾ ਘਰ ਤਬਾਹ ਹੋ ਗਿਆ ਅਤੇ 13 ਲੋਕਾਂ ਦੀ ਮੌਤ ਹੋ ਗਈ। ਛੇ ਹੋਰ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਭਦੋਹੀ-ਬਾਬਤਪੁਰ ਰੋਡ ਉੱਤੇ ਚੋਰੀ ਖੇਤਰ ਦੇ ਰੋਟਹਾਂ ਪਿੰਡ ਦਾ ਇਰਫਾਨ ਮੰਸੂਰੀ ਪਟਾਕੇ ਬਣਾਉਣ ਅਤੇ ਵੇਚਣ ਦਾ ਕੰਮ ਕਰਦਾ ਸੀ। ਉਹ ਮਕਾਨ ਦੇ ਪਿਛਲੇ ਹਿੱਸੇ 'ਚ ਕਾਲੀਨ ਬੁਣਾਈ ਦਾ ਕਾਰਖਾਨਾ ਵੀ ਚਲਾ ਰਿਹਾ ਸੀ। ਧਮਾਕਾ ਏਨਾ ਜ਼ਬਰਦਸਤ ਸੀ ਕਿ ਲਾਸ਼ਾਂ ਅਤੇ ਮਕਾਨ ਵਿੱਚ ਮੌਜੂਦ ਸਾਮਾਨ ਦੇ ਚੀਥੜੇ ਉਡ ਕੇ 400 ਮੀਟਰ ਤੱਕ ਡਿੱਗੇ। ਘਟਨਾ ਤੋਂ ਬਾਅਦ ਆਈ ਜੀ ਪਿਊਸ਼ ਸ੍ਰੀਵਾਸਤਵਾ ਨੇ 13 ਮੌਤਾਂ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਰਾਹਤ ਅਤੇ ਬਚਾਅ ਕਾਰਨ ਜਾਰੀ ਕਰਨ ਅਤੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ।

## ਕਸ਼ਮੀਰੀ ਵਿਦਿਆਰਥੀਆਂ ਦੇ ਵਿਰੁੱਧ ਹਿੰਸਾ ਦਾ ਸੁਪਰੀਮ ਕੋਰਟ ਨੇ ਸਖਤ ਨੋਟਿਸ ਲਿਆ

### * ਕੇਂਦਰ ਅਤੇ 10 ਰਾਜ ਸਰਕਾਰਾਂ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 24 ਫਰਵਰੀ, (ਪੋਸਟ ਬਿਊਰੋ)- ਪੁਲਵਾਮਾ ਹਮਲੇ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਕਸ਼ਮੀਰੀ ਵਿਦਿਆਰਥੀਆਂ ਦੇ ਖਿਲਾਫ ਹਿੰਸਕ ਹੁੱਲੜਬਾਜ਼ੀ ਦਾ ਸੁਪਰੀਮ ਕੋਰਟ ਨੇ ਸਖਤ ਨੋਟਿਸ ਲਿਆ ਹੈ। ਇਸ ਬਾਰੇ ਸੁਪਰੀਮ ਕੋਰਟ ਨੇ ਅੱਜ ਕੇਂਦਰ ਸਰਕਾਰ ਅਤੇ 10 ਰਾਜਾਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਕਿ ਪੁਲਵਾਮਾ ਹਮਲੇ ਤੋਂ ਬਾਅਦ ਕਈ ਥਾਈਂ ਕਸ਼ਮੀਰੀ ਵਿਦਿਆਰਥੀਆਂ ਨਾਲ ਹਿੰਸਾ ਦੀਆਂ ਖ਼ਬਰਾਂ ਆਈਆਂ ਹਨ। ਇਸ ਪਿੱਛੋਂ ਇਕ ਵਕੀਲ ਨੇ ਕਸ਼ਮੀਰੀ ਵਿਦਿਆਰਥੀਆਂ ਉੱਤੇ ਹੁੰਦੇ ਹਮਲੇ ਰੋਕਣ ਲਈ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਅੱਜ



ਇਸ ਦੀ ਸੁਣਵਾਈ ਪਿੱਛੋਂ ਕੇਂਦਰ ਤੇ 10 ਰਾਜਾਂ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਨ੍ਹਾਂ ਵਿੱਚ ਮਹਾਰਾਸ਼ਟਰ, ਪੰਜਾਬ, ਬਿਹਾਰ, ਹਰਿਆਣਾ, ਮੇਘਾਲਿਆ, ਪੱਛਮੀ ਬੰਗਾਲ, ਛੱਤੀਸਗੜ੍ਹ, ਉੱਤਰਾਖੰਡ ਤੇ ਜੰਮੂ-ਕਸ਼ਮੀਰ ਸ਼ਾਮਲ ਹਨ। ਇਨ੍ਹਾਂ ਰਾਜਾਂ ਤੋਂ ਕਸ਼ਮੀਰੀਆਂ ਉੱਤੇ ਹਮਲੇ ਹੋਣ ਦੀਆਂ ਖ਼ਬਰਾਂ ਆਈਆਂ ਸਨ। ਇਸ ਮਾਮਲੇ ਉੱਤੇ ਸੁਪਰੀਮ ਕੋਰਟ ਬੁੱਧਵਾਰ ਨੂੰ ਅਗਲੀ ਸੁਣਵਾਈ ਕਰੇਗੀ।

## ਅਸਾਮ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ 93 ਨੂੰ ਪਹੁੰਚੀ

ਗੁਹਾਟੀ, 24 ਫਰਵਰੀ, (ਪੋਸਟ ਬਿਊਰੋ)- ਅਸਾਮ ਵਿੱਚ ਗੋਲਾਘਾਟ ਜ਼ਿਲੇ ਦੇ ਇਕ ਚਾਹ ਬਾਗ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 93 ਲੋਕਾਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿੱਚ ਔਰਤਾਂ ਵੀ ਸਨ। ਸ਼ਨੀਵਾਰ ਸਵੇਰ ਤਕ ਇਹ ਗਿਣਤੀ 59 ਸੀ, ਪਰ ਇਹ ਗਿਣਤੀ ਹੌਲੀ-ਹੌਲੀ ਵਧਦੀ ਗਈ ਹੈ। ਜੋਰਹਾਟ ਤੇ ਗੋਲਾਘਾਟ ਜ਼ਿਲੇ ਦੇ ਹਸਪਤਾਲਾਂ ਵਿੱਚ ਹਾਲੇ ਵੀ 100 ਤੋਂ ਵੱਧ ਲੋਕ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ ਤੇ ਮ੍ਰਿਤਕਾਂ ਦੀ ਗਿਣਤੀ ਹੋਰ ਵਧ ਸਕਦੀ ਹੈ।



ਮਿਲੀ ਜਾਣਕਾਰੀ ਮੁਤਾਬਕ 250 ਤੋਂ ਵੱਧ ਲੋਕਾਂ ਨੇ ਵੀਰਵਾਰ ਨੂੰ ਇੱਕੋ ਦੁਕਾਨ ਤੋਂ ਸ਼ਰਾਬ ਖਰੀਦ ਕੇ ਇੱਕ ਚਾਹ ਬਾਗ ਵਿੱਚ ਪੀਤੀ ਸੀ। ਇਹ ਲੋਕ ਸਾਲੀਮੀਰਾ ਚਾਹ ਬਾਗ ਵਿੱਚ ਕੰਮ ਕਰਦੇ ਸਨ। ਪੁਲਸ ਨੇ ਇਸ ਘਟਨਾ ਦੇ ਸੰਬੰਧ ਵਿੱਚ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਅਤੇ ਇਸ ਘਟਨਾ ਕਾਰਨ ਐਕਸਾਈਜ਼ ਵਿਭਾਗ ਦੇ ਇਸ ਜ਼ਿਲੇ ਦੇ ਦੋ ਅਧਿਕਾਰੀਆਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਅਸਾਮ ਦੇ ਟੈਕਸੇਸ਼ਨ ਮੰਤਰੀ ਪਰਿਮਲ ਸ਼ੁਕਲ ਵੈਧ ਨੇ ਇਸ ਘਟਨਾ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ ਹੈ, ਪਰ ਕਾਂਗਰਸ ਵਿਧਾਇਕ ਰੂਪ ਜਯੋਤੀ ਕੁਰਮੀ ਨੇ ਮੰਤਰੀ ਪਰਿਮਲ ਸ਼ੁਕਲ ਵੈਧ ਨੂੰ ਇਸ ਘਟਨਾ ਦਾ ਜ਼ਿਮੇਵਾਰ ਦੱਸ ਕੇ ਉਸ ਦੇ ਅਸਤੀਫੇ ਦੀ ਮੰਗ ਹੀ ਕਰ ਦਿੱਤੀ ਹੈ।

## ਲਵ-ਮੈਰਿਜ ਵਾਲੇ ਜੋੜਿਆਂ ਦੀ ਸੁਰੱਖਿਆ ਬਾਰੇ ਸੁਪਰੀਮ ਕੋਰਟ ਨੇ ਜਵਾਬ ਮੰਗਿਆ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਅੰਤਰਜਾਤੀ ਵਿਆਹ ਕਰਨ ਵਾਲੇ ਜੋੜਿਆਂ ਦੀ ਸੁਰੱਖਿਆ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਅਤੇ ਦਿੱਲੀ ਸਰਕਾਰ ਤੋਂ ਜਵਾਬ ਮੰਗਿਆ ਹੈ। ਦਿੱਲੀ ਮਹਿਲਾ ਕਮਿਸ਼ਨ (ਡੀ ਸੀ ਡਬਲਯੂ) ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਅੰਤਰਜਾਤੀ ਵਿਆਹ ਕਾਰਨ ਜਿਨ੍ਹਾਂ ਜੋੜਿਆਂ ਨੂੰ ਆਪਣੇ ਪਰਵਾਰਾਂ ਜਾਂ ਸਮਾਜੀ ਸੰਗਠਨਾਂ ਤੋਂ ਖਤਰਾ ਹੋਵੇ, ਉਨ੍ਹਾਂ ਨੂੰ ਸੁਰੱਖਿਆ ਦਿਵਾਈ ਜਾਵੇ।

ਜਸਟਿਸ ਏ ਕੇ ਸੀਕਰੀ ਅਤੇ ਜਸਟਿਸ ਐਸ ਅਬਦੁੱਲ ਨਜ਼ੀਰ ਦੇ ਬੈਂਚ ਨੇ ਕੇਂਦਰ ਸਰਕਾਰ, ਦਿੱਲੀ ਸਰਕਾਰ ਅਤੇ ਦਿੱਲੀ ਦੇ ਪੁਲਸ ਕਮਿਸ਼ਨਰ ਨੂੰ ਨੋਟਿਸ ਜਾਰੀ ਕਰਕੇ ਦੋ ਹਫਤਿਆਂ ਵਿੱਚ ਜਵਾਬ ਦੇਣ ਨੂੰ ਕਿਹਾ ਹੈ। ਡੀ ਸੀ ਡਬਲਯੂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ ਅੰਤਰਜਾਤੀ ਜਾਂ ਦੂਜੇ ਫਿਰਕੇ ਵਿੱਚ ਵਿਆਹ ਕਰਨ ਵਾਲੇ 12 ਜੋੜੇ ਆਪਣੀ ਜਾਨ ਬਚਾਉਣ ਲਈ ਭਟਕਦੇ ਫਿਰਦੇ ਹਨਮ ਉਨ੍ਹਾਂ ਦੇ ਪਰਵਾਰਕ ਮੈਂਬਰ, ਖਾਪ ਤੇ ਸਥਾਨਕ ਫਿਰਕੇ ਉਨ੍ਹਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ। ਡੀ ਸੀ ਡਬਲਯੂ ਨੇ ਕਿਹਾ ਕਿ ਇਨ੍ਹਾਂ 12 ਜੋੜਿਆਂ ਨੂੰ ਉਸ ਨੇ ਇਕ ਫਰਵਰੀ ਤੋਂ ਆਪਣੇ ਵੱਲੋਂ ਆਰਜ਼ੀ ਰਿਹਾਇਸ਼ ਦੀ ਸਹੂਲਤ ਦਿਵਾਈ ਹੈ, ਪਰ ਉਸ ਕੋਲ ਵਸੀਲਿਆਂ ਦੀ ਕਮੀ ਹੋਣ ਕਾਰਨ ਸੁਰੱਖਿਆ ਯਕੀਨੀ ਕਰਨਾ ਉਸ ਲਈ ਮੁਸ਼ਕਲ ਹੈ। ਇਸ ਲਈ ਅਦਾਲਤ ਇਨ੍ਹਾਂ ਨੂੰ ਸੁਰੱਖਿਅਤ ਪਨਾਹ ਤੇ ਹਰ ਸਮੇਂ ਪੁਲਸ ਸੁਰੱਖਿਆ ਦੇਣ ਲਈ ਸਬੰਧਤ ਅਧਿਕਾਰੀਆਂ ਨੂੰ ਹੁਕਮ ਦੇਵੇ। ਪ੍ਰੇਮੀ ਜੋੜਿਆਂ ਲਈ ਖਾਪ ਪੰਚਾਇਤਾਂ ਬਹੁਤ ਜ਼ਾਲਮ ਹਨ। ਜਾਤੀ ਜਾਂ ਫਿਰਕੇ ਦੀਆਂ ਖਾਪ ਪੰਚਾਇਤਾਂ ਖਾਸ ਤੌਰ 'ਤੇ ਦਿੱਲੀ ਅਤੇ ਆਸਪਾਸ ਪ੍ਰੇਮੀ ਜੋੜਿਆਂ ਨੂੰ ਰਵਾਇਤੀ ਸਜ਼ਾ ਦੇਣ ਲਈ ਬਦਨਾਮ ਹਨ।

## ਸੱਤਾ ਵਿੱਚ ਆਏ ਤਾਂ ਕਾਂਗਰਸ ਪਾਰਟੀ ਪੈਰਾ ਮਿਲਟਰੀ ਦੇ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦੇਵੇਗੀ: ਰਾਹੁਲ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਹੋਏ ਹਮਲੇ 'ਚ ਮਾਰੇ ਗਏ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਨਾ ਦੇਣ ਦਾ ਮੁੱਦਾ ਇੱਕ ਵਾਰ ਫਿਰ ਉਠਾ ਕੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਅਗਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਦੇਸ਼ ਲਈ ਜਾਨ ਵਾਰਨ ਵਾਲੇ ਨੀਮ ਫੌਜੀ ਦਲਾਂ ਦੇ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇਗਾ। ਰਾਹੁਲ ਗਾਂਧੀ ਨੇ ਕੱਲ੍ਹ ਇਥੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਹ ਐਲਾਨ ਕੀਤਾ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕਾਂਗਰਸ ਨੇ ਪੁਲਵਾਮਾ ਹਮਲੇ ਵਿੱਚ ਜਾਨਾਂ ਵਾਰਨ ਵਾਲੇ ਸੀ ਆਰ ਪੀ ਐੱਫ ਦੇ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ ਹੋਈ ਹੈ। ਕਾਂਗਰਸ ਪ੍ਰਧਾਨ ਨੇ ਕੱਲ੍ਹ ਫਿਰ ਇਸ ਮੁੱਦੇ ਨਾਲ ਮੋਦੀ



ਸਰਕਾਰ ਉੱਤੇ ਵਿਅੰਗ ਕਰਦਿਆਂ ਕਿਹਾ ਕਿ ਮੋਦੀ ਦੇ 'ਨਿਊ ਇੰਡੀਆ' ਵਿੱਚ ਆਪਣੀਆਂ ਜਾਨਾਂ ਦੀ ਕੁਰਬਾਨੀ ਦੇਣ ਵਾਲੇ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਨਹੀਂ ਦਿੱਤਾ ਜਾਂਦਾ, ਪਰ ਇੱਕ ਉਦਯੋਗਪਤੀ ਨੂੰ 30 ਹਜ਼ਾਰ ਕਰੋੜ ਤੋਹਫਾ ਆਸਾਨੀ ਨਾਲ ਦੇ ਦਿੱਤਾ ਜਾਂਦਾ ਹੈ। ਰਾਹੁਲ ਗਾਂਧੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਉੱਤੇ ਦੋਸ਼ ਲਾਇਆ ਕਿ ਮੌਜੂਦਾ ਸਮੇਂ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੇ ਅਹੁਦੇ 'ਤੇ ਇੱਕ ਸੰਗਠਨ ਦੀ ਵਿਚਾਰਧਾਰਾ ਦੇ ਲੋਕ ਬਿਠਾਏ ਜਾ ਰਹੇ ਹਨ, ਜੋ ਸਿਰਫ ਹਥਿਆਰ ਵਜੋਂ ਭਾਰਤ ਦੀ ਸਿਖਿਆ ਪ੍ਰਣਾਲੀ ਦੀ ਵਰਤੋਂ ਕਰਨਾ ਚਾਹੁੰਦੇ ਹਨ। ਰਾਹੁਲ ਗਾਂਧੀ ਨੇ ਸਿਖਿਆ ਦੇ ਸਖਤ ਢਾਂਚੇ ਦੀ ਬਜਾਏ ਵਿਦਿਆਰਥੀਆਂ ਦੇ ਸ਼ਕਤੀਕਰਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਜਪਾ ਸਰਕਾਰ ਵਿੱਚ ਸਿਖਿਆ ਦੇ ਪੱਧਰ 'ਚ ਗਿਰਾਵਟ ਆਈ ਹੈ। ਇਸ ਨੂੰ ਸੁਧਾਰਨ ਦੀ ਲੋੜ ਹੈ।

ਇਸ ਮੌਕੇ ਰਾਹੁਲ ਗਾਂਧੀ ਨੇ ਵਿਦਿਆਰਥੀਆਂ ਦੇ ਗਰੁੱਪ ਨਾਲ ਗੱਲਬਾਤ ਦੌਰਾਨ ਕਿਹਾ ਕਿ ਸ਼ਹੀਦਾਂ ਦੇ ਪਰਵਾਰਾਂ ਨਾਲ ਗੱਲਬਾਤ ਕਰਦੇ ਸਮੇਂ ਮੈਨੂੰ ਪਤਾ ਸੀ ਕਿ ਜਿੱਥੇ ਉਹ ਹਨ, ਉਥੇ ਕਿਵੇਂ ਮਹਿਸੂਸ ਹੁੰਦਾ ਹੈ। ਇਸ ਮੌਕੇ ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੇਰੀ ਦਾਦੀ ਦਾ ਕਤਲ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੇ ਕੀਤਾ ਸੀ ਤੇ ਉਨ੍ਹਾਂ ਵਿੱਚੋਂ ਇੱਕ ਸਤਵੰਤ ਸਿੰਘ ਨੇ ਮੈਨੂੰ ਬੈਡਮਿੰਟਨ ਖੇਡਣਾ ਸਿਖਾਇਆ ਸੀ।

## ਸ਼ਾਹਰੁਖ ਨੂੰ ਡਾਕਟਰੇਟ ਦਿੱਤੇ ਜਾਣ ਤੋਂ ਮੰਤਰਾਲੇ ਨੇ ਰੋਕਿਆ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੇ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ (ਐਚ ਆਰ ਡੀ) ਨੇ ਜਾਮੀਆ ਮਿਲੀਆ ਇਸਲਾਮੀਆ ਵੱਲੋਂ ਪ੍ਰਸਿੱਧ ਫਿਲਮ ਸ਼ਾਹਰੁਖ ਖਾਨ ਨੂੰ ਆਨਰੇਰੀ ਡਾਕਟਰੇਟ ਡਿਗਰੀ ਦੇਣ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਹੈ। ਮੰਤਰਾਲੇ ਨੇ ਦਲੀਲ ਦਿੱਤੀ ਹੈ ਕਿ ਅਦਾਕਾਰ ਕੋਲ ਪਹਿਲਾਂ ਇੱਕ ਹੋਰ ਯੂਨੀਵਰਸਿਟੀ ਦੀ ਡਿਗਰੀ ਹੈ। ਇਹ ਖੁਲਾਸਾ ਸੂਚਨਾ ਅਧਿਕਾਰ ਹੇਠ ਮੰਗੀ ਜਾਣਕਾਰੀ 'ਚ ਹੋਇਆ ਹੈ। ਬਾਲੀਵੁੱਡ ਫਿਲਮ ਸਟਾਰ ਸ਼ਾਹਰੁਖ ਖਾਨ ਜਾਮੀਆ ਮਿਲੀਆ ਇਸਲਾਮੀਆ ਦਾ ਵਿਦਿਆਰਥੀ ਰਿਹਾ ਹੈ ਤੇ ਉਸ ਨੇ ਯੂਨੀਵਰਸਿਟੀ ਵੱਲੋਂ ਡਿਗਰੀ ਦੇਣ ਦੀ ਤਜਵੀਜ਼ ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ।

## ਏਅਰੋ ਇੰਡੀਆ ਸ਼ੋਅ ਦੀ ਪਾਰਕਿੰਗ ਵਿੱਚ ਅੱਗ ਨਾਲ 300 ਕਾਰਾਂ ਸੜ ਕੇ ਸਵਾਹ

ਬੰਗਲੌਰ, 24 ਫਰਵਰੀ (ਪੋਸਟ ਬਿਊਰੋ)- ਬੰਗਲੌਰ ਵਿੱਚ ਚੱਲ ਰਹੇ ਏਅਰੋ ਇੰਡੀਆ ਸ਼ੋਅ ਦੌਰਾਨ ਅਚਾਨਕ ਪਾਰਕਿੰਗ 'ਚ ਖੜੀਆਂ ਕਾਰਾਂ ਨੂੰ ਅੱਗ ਲੱਗਣ ਨਾਲ ਹਫੜਾ-ਦਫੜੀ ਮੱਚ ਗਈ।

ਮਿਲੀ ਜਾਣਕਾਰੀ ਅਨੁਸਾਰ ਪਾਰਕਿੰਗ ਦੇ ਕੋਲ ਪਏ ਸੁੱਕੇ ਘਾਹ ਨੂੰ ਅੱਗ ਲੱਗਣ ਨਾਲ ਇਹ ਘਟਨਾ ਵਾਪਰੀ। ਇਸ ਕਾਰਨ ਪਾਰਕਿੰਗ ਵਿੱਚ ਖੜੀਆਂ 300 ਕਾਰਾਂ ਅੱਗ ਦੀ ਲਪੇਟ ਵਿੱਚ ਆ ਗਈਆਂ, ਪਰ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਏਅਰੋ ਇੰਡੀਆ ਸ਼ੋਅ ਦੇ ਉਦਘਾਟਨ ਤੋਂ ਪਹਿਲਾਂ ਵੀ ਇੱਕ ਵੱਡਾ ਹਾਦਸਾ ਹੋਇਆ ਸੀ। ਹਰਿਆਣਾ ਦੇ ਹਿਸਾਰ ਸ਼ਹਿਰ ਦਾ ਰਹਿਣ ਵਾਲਾ ਪਾਇਲਟ ਸਾਹਿਲ ਗਾਂਧੀ ਇਸ ਸ਼ੋਅ ਦੇ ਉਦਘਾਟਨ ਤੋਂ ਇੱਕ ਦਿਨ ਪਹਿਲਾਂ 19 ਫਰਵਰੀ ਨੂੰ ਪ੍ਰੈਕਟਿਸ ਦੌਰਾਨ ਦੂਸਰੇ ਜਹਾਜ਼ ਨਾਲ



ਟਕਰਾ ਗਿਆ ਅਤੇ ਉਸ ਦੀ ਜਾਨ ਚਲੀ ਗਈ ਸੀ। ਇਸ ਹਾਦਸੇ ਵਿੱਚ ਦੋ ਹੋਰ ਪਾਈਲਟਾਂ ਦੀ ਜਾਨ ਬਚ ਗਈ, ਪਰ ਸਾਹਿਲ ਦੇ ਜਹਾਜ਼ ਦਾ ਅਗਲਾ ਹਿੱਸਾ ਤਬਾਹ ਹੋਣ ਕਾਰਨ ਉਹ ਬਾਹਰ ਨਹੀਂ ਨਿਕਲ ਸਕਿਆ ਸੀ। ਇਸ ਤਰ੍ਹਾਂ ਕੱਲ੍ਹ ਫਿਰ ਵੱਡਾ ਹਾਦਸਾ ਹੋਇਆ ਤੇ ਕਈ ਕਾਰਾਂ ਸੜ ਕੇ ਸਵਾਹ ਹੋ ਗਈਆਂ। ਚਾਰੇ ਪਾਸੇ ਧੂੰਆਂ ਹੋਣ ਕਾਰਨ ਹਫੜਾ-ਦਫੜੀ ਮੱਚ ਗਈ। ਇਸ ਦੀ ਸੂਚਨਾ ਮਿਲਣ 'ਤੇ ਅੱਗ ਬੁਝਾਊ ਵਿਭਾਗ ਨੇ ਮੋਰਚਾ ਸੰਭਾਲ ਲਿਆ ਤੇ ਸਖਤ ਮਿਹਨਤ ਨਾਲ ਅੱਗ 'ਤੇ ਕਾਬੂ ਪਾ ਲਿਆ। ਦੱਸਿਆ ਜਾ ਰਿਹਾ ਹੈ ਕਿ ਸੁੱਕੇ ਘਾਹ ਕਾਰਨ ਕਾਰਾਂ ਨੂੰ ਅੱਗ ਲੱਗੀ, ਪਰ ਫਿਰ ਵੀ ਰੱਖਿਆ ਵਿਭਾਗ ਵੱਲੋਂ ਉਕਤ ਘਟਨਾ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

## ਰਾਹੁਲ ਗਾਂਧੀ ਨੇ ਕਾਂਗਰਸੀ ਮੰਤਰੀ ਉੱਤੇ ਕੇਸ ਦਰਜ ਕਰਵਾਇਆ

ਜੈਪੁਰ, 24 ਫਰਵਰੀ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਦੀ ਸਖ਼ਤੀ ਵਿਖਾਉਣ ਪਿੱਛੋਂ ਅੱਜ ਸ਼ਨਿਚਰਵਾਰ ਰਾਜਸਥਾਨ ਦੇ ਖੇਡ ਮੰਤਰੀ ਅਸ਼ੋਕ ਚਾਂਦਨਾ ਵਿਰੁੱਧ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਚਾਂਦਨਾ ਉੱਤੇ ਸਰਕਾਰੀ ਕੰਮ ਵਿਚ ਰੁਕਾਵਟ ਪਾਉਣ ਦੇ ਨਾਲ ਸਰਕਾਰੀ ਮੁਲਾਜ਼ਮ ਨਾਲ ਦੁਰ-ਵਿਹਾਰ ਦਾ ਦੋਸ਼ ਸੀ, ਜਿਸ ਪਿੱਛੋਂ ਬਿਜਲੀ ਨਿਗਮ ਦੇ ਮੁਲਾਜ਼ਮ ਅਤੇ ਮੀਣਾ ਸਮਾਜ ਦੇ ਲੋਕ ਉਸ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ।

ਪਤਾ ਲੱਗਾ ਹੈ ਕਿ ਜੈਪੁਰ ਬਿਜਲੀ ਸਪਲਾਈ ਨਿਗਮ ਦੇ ਇੰਜੀਨੀਅਰ ਜੇ ਪੀ ਮੀਣਾ ਨੇ ਅਸ਼ੋਕ ਚਾਂਦਨਾ ਉਤੇ ਥੱਪੜ ਮਾਰਨ ਅਤੇ ਜਾਤੀ ਸੂਚਕ ਸ਼ਬਦ ਕਹਿਣ ਦਾ ਦੋਸ਼ ਲਾ ਕੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਅਤੇ ਮੰਤਰੀ ਦੇ ਖ਼ਿਲਾਫ਼ ਕੇਸ ਦਰਜ ਕਰਨ ਨੂੰ ਪੁਲਿਸ ਤਿਆਰ ਨਹੀਂ ਸੀ। ਇਸ ਕਾਰਨ ਬਿਜਲੀ ਨਿਗਮ ਦੇ ਮੁਲਾਜ਼ਮਾਂ ਨੇ ਸਾਰੇ ਰਾਜਸਥਾਨ ਦੀ ਬਿਜਲੀ ਸਪਲਾਈ ਬੰਦ ਕਰਨ ਦੀ ਚਿਤਾਵਨੀ ਦੇ ਦਿੱਤੀ ਸੀ। ਦੂਸਰੇ ਪਾਸੇ ਮੀਣਾ ਸਮਾਜ ਨੇ ਜ਼ਿਲਾ ਬੂੰਦੀ ਸਮੇਤ ਕਈ ਥਾਵਾਂ ਉੱਤੇ ਪ੍ਰਦਰਸ਼ਨ ਕੀਤਾ ਸੀ। ਮੀਣਾ ਸਮਾਜ ਅਤੇ ਬਿਜਲੀ ਮੁਲਾਜ਼ਮ ਮਿਲ ਕੇ ਅਸ਼ੋਕ ਚਾਂਦਨਾ ਨੂੰ ਮੰਤਰੀ ਮੰਡਲ ਤੋਂ ਹਟਾਉਣ ਦੀ ਮੰਗ ਕਰ ਰਹੇ ਸਨ। ਇਹ ਮਾਮਲਾ ਦਿੱਲੀ ਤਕ ਪੁੱਜਾ ਤਾਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਕਹੇ ਉੱਤੇ ਰਾਜ ਦੇ ਇੰਚਾਰਜ ਅਤੇ ਪਾਰਟੀ ਜਨਰਲ ਸਕੱਤਰ ਅਵਿਨਾਸ਼ ਪਾਂਡੇ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨਾਲ ਗੱਲ ਕੀਤੀ ਤਾਂ ਮੁੱਖ ਮੰਤਰੀ ਨੇ ਆਪਣੇ ਮੰਤਰੀ ਤੋਂ ਸਪੱਸ਼ਟੀਕਰਨ ਲੈਣ ਦੇ ਬਾਅਦ ਪੁਲਿਸ ਨੂੰ ਆਪਣਾ ਕੰਮ ਕਰਨ ਦੇ ਹੁਕਮ ਦੇ ਦਿੱਤੇ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

### ਮੁਸ਼ੱਰਫ ਨੇ ਪਾਕਿ ਨੂੰ ਕਿਹਾ

## ਸਾਡੇ ਇੱਕ ਬੰਬ ਦੇ ਮੁਕਾਬਲੇ ਭਾਰਤ 20 ਐਟਮ ਬੰਬ ਡੇਗ ਸਕਦੈ



ਦੁਬਈ, 24 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਫੌਜੀ ਰਾਸ਼ਟਰਪਤੀ ਤੇ ਰਿਟਾਇਰਡ ਜਨਰਲ ਪਰਵੇਜ਼ ਮੁਸ਼ੱਰਫ ਨੇ ਪਾਕਿ-ਸਤਾਨ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਉਹ ਭਾਰਤ ਨਾਲ ਮੁਕਾਬਲੇ ਵਾਸਤੇ ਇਸਰਾਈਲ ਨਾਲ ਸੰਬੰਧ ਬਣਾਏ। ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ 'ਤੇ 20 ਐਟਮ ਬੰਬ ਡੇਗ ਸਕਦਾ ਹੈ, ਪਰ ਭਾਰਤ ਦੀ ਮੁਕੰਮਲ ਤਬਾਹੀ ਲਈ ਸਾਨੂੰ 50 ਐਟਮ ਬੰਬ ਡੇਗਣ ਦੀ ਲੋੜ ਪਵੇਗੀ। ਕਰੀਬ ਨੌਂ ਮਹੀਨੇ ਪਿੱਛੋਂ ਦੁਬਈ ਤੋਂ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਜਨਰਲ ਪਰਵੇਜ਼ ਮੁਸ਼ੱਰਫ ਦਾ ਕਹਿਣਾ ਸੀ ਕਿ ਪਾਕਿਸਤਾਨ ਵਾਪਸੀ ਲਈ ਦੇਸ਼ ਦੀ ਸਥਿਤੀ ਉਨ੍ਹਾਂ ਲਈ ਦੇਸ਼ ਦੀ ਸਥਿਤੀ ਉਨ੍ਹਾਂ ਲਈ ਹੁਣ ਬੜੀ ਸੁਖਾਵੀਂ ਹੈ।

ਭਾਰਤ-ਪਾਕਿ ਵਿੱਚ ਜਾਰੀ ਖਿਚਾਅ 'ਤੇ ਮੁਸ਼ੱਰਫ ਨੇ ਕਿਹਾ ਕਿ ਭਾਰਤ ਕੰਟਰੋਲ ਰੇਖਾ ਦੇ ਨਾਲ ਪਾਕਿਸਤਾਨ ਉਪਰ ਸਰਜੀਕਲ ਸਟਰਾਈਕ ਕਰ ਸਕਦਾ ਹੈ, ਜਿਵੇਂ ਉਨ੍ਹਾਂ ਨੂੰ ਕਈ ਥਾਵਾਂ 'ਤੇ ਫਾਇਦਾ ਹੈ, ਪਰ ਪਾਕਿਸਤਾਨ ਨੂੰ ਇਸ ਤਰ੍ਹਾਂ ਦੇ ਹਮਲਿਆਂ ਦੇ ਮੁਕਾਬਲਿਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਕਸ਼ਮੀਰ ਵਿੱਚ ਸਰਜੀਕਲ ਸਟਰਾਈਕ ਲਈ ਹੋਰ ਫੌਜ ਦੀ ਲੋੜ ਪਵੇਗੀ। ਦੋਵਾਂ ਦੇਸ਼ਾਂ ਵਿੱਚ ਐਟਮੀ ਜੰਗ ਦੀ ਸੰਭਾਵਨਾ ਬਾਰੇ ਮੁਸ਼ੱਰਫ ਨੇ ਕਿਹਾ ਕਿ ਐਟਮੀ ਬੰਬ ਮਾਮੂਲੀ ਜੰਗ ਨਹੀਂ ਹੁੰਦੀ ਤੇ ਇਸ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਮਿਸਾਲ ਦਿੱਤੀ ਕਿ ਜੇ ਅਸੀਂ ਇੱਕ ਐਟਮ ਬੰਬ ਡੇਗਾਂਗੇ ਤਾਂ ਭਾਰਤ 20 ਐਟਮ ਬੰਬ ਸੁੱਟ ਕੇ ਦੇਸ਼ ਨੂੰ ਤਬਾਹ ਕਰ ਸਕਦਾ ਹੈ।

## ਪਾਕਿ ਨੇ ਜੈਸ਼ ਦੇ ਮੁੱਖ ਦਫਤਰਾਂ ਦਾ ਕੰਟਰੋਲ ਆਪਣੇ ਹੱਥ ਲਿਆ



ਲਾਹੌਰ, 24 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਸਰਕਾਰ ਨੇ ਆਪਣੀ ਧਰਤੀ ਤੋਂ ਚੱਲ ਰਹੇ ਅੱਤਵਾਦੀ ਸੰਗਠਨ ਦੀ ਨਕੇਲ ਕੱਸਣ ਦੇ ਜ਼ਬਰਦਸਤ ਅੰਤਰਰਾਸ਼ਟਰੀ ਦਬਾਅ ਅੱਗੇ ਝੁਕ ਕੇ ਕੱਲ੍ਹ ਜੈਸ਼-ਏ-ਮੁਹੰਮਦ ਦੇ ਮੁੱਖ ਦਫਤਰਾਂ ਦਾ ਪ੍ਰਸ਼ਾਸਨਿਕ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ ਹੈ। ਇਸੇ ਅੱਤਵਾਦੀ ਸੰਗਠਨ ਨੇ ਜੰਮੂ ਕਸ਼ਮੀਰ ਦੇ ਪੁਲ-ਵਾਮਾ 'ਚ ਹੋਏ ਆਤਮਘਾਤੀ ਹਮਲੇ ਦੀ ਜ਼ਿੰਮੇਵਾਰੀ ਲਈ ਸੀ, ਜਿਸ ਵਿੱਚ ਸੀ ਆਰ ਪੀ ਐਫ ਦੇ 40 ਜਵਾਨ ਮਾਰੇ ਗਏ ਸਨ।

ਯੂ ਐਨ ਸਕਿਓਰਟੀ ਕੌਂਸਲ ਨੇ ਇਕ ਦਿਨ ਪਹਿਲਾਂ ਬਿਆਨ ਜਾਰੀ ਕਰਕੇ ਪੁਲਵਾਮਾ ਹਮਲੇ ਨੂੰ ਘਿਨਾਉਣਾ ਅਤੇ ਕਾਇਰਾਨਾ ਦੱਸ ਕੇ ਇਸ ਦੀ ਸਖਤ ਨਿੰਦਾ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਕਰਨ ਵਾਲੇ ਤੇ ਇਨ੍ਹਾਂ ਨੂੰ ਫੰਡ ਦੇਣ ਵਾਲਿਆਂ ਨੂੰ ਨਿਆਂ ਦੇ ਦਾਇਰੇ ਵਿੱਚ ਲਿਆਂਦਾ ਜਾਵੇ। ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਬਹਾਬਲਪੁਰ ਵਿੱਚ ਜੈਸ਼ ਦੇ ਮੁੱਖ ਦਫਤਰਾਂ ਦਾ ਕੰਟਰੋਲ ਸੰਭਾਲ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਬਹਾਵਲਪੁਰ ਵਿੱਚ ਦੋ ਬਿਲਡਿੰਗਾਂ ਨੂੰ ਆਪਣੇ ਕੰਟਰੋਲ ਵਿੱਚ ਲਿਆ ਹੈ ਅਤੇ ਉਸ ਦੇ ਕੰਮਕਾਰ ਨੂੰ ਦੇਖਣ ਲਈ ਆਪਣਾ ਇਕ ਪ੍ਰਸ਼ਾਸਕ ਨਿਯੁਕਤ ਕੀਤਾ ਹੈ। ਗ੍ਰਿਹ ਮੰਤਰਾਲੇ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਜੈਸ਼ ਉਤੇ ਕਾਰਵਾਈ ਬੀਤੇ ਦਿਨੀਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਧਾਨਗੀ ਹੇਠ ਹੋਈ ਕੌਮੀ ਸੁਰੱਖਿਆ ਕਮੇਟੀ ਦੀ ਬੈਠਕ 'ਚ ਲਏ ਫੈਸਲੇ ਉੱਤੇ ਕੀਤੀ ਗਈ।

### ਭਾਰਤ ਨੂੰ ਵੱਡਾ ਝਟਕਾ

## ਸੰਸਾਰ ਉਲੰਪਿਕ ਕੌਂਸਲ ਨੇ ਉਲੰਪਿਕ ਮੁਕਾਬਲਿਆਂ ਦੀ ਮੇਜ਼ਬਾਨੀ ਉਤੇ ਰੋਕ ਲਾਈ

ਸਵਿੱਟਜ਼ਰਲੈਂਡ, 24 ਫਰਵਰੀ (ਪੋਸਟ ਬਿਊਰੋ)- ਆਈ ਓ ਸੀ (ਸੰਸਾਰ ਉਲੰਪਿਕ ਕਮੇਟੀ) ਨੇ ਭਵਿੱਖ ਵਿੱਚ ਉਲੰਪਿਕ ਨਾਲ ਸਬੰਧਤ ਕਿਸੇ ਵੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਦੇ ਭਾਰਤ ਦੇ ਸਾਰੇ ਹੱਕਾਂ ਨੂੰ ਸਸਪੈਂਡ ਕਰ ਦਿੱਤਾ ਹੈ। ਭਾਰਤ ਨੂੰ ਓਦੋਂ ਹੀ ਕਿਸੇ ਟੂਰਨਾਮੈਂਟ ਦੀ ਮੇਜ਼ਬਾਨੀ ਦੀ ਇਜਾਜ਼ਤ ਮਿਲੇਗੀ, ਜਦੋਂ ਉਹ ਇਨ੍ਹਾਂ ਟੂਰਨਾਮੈਂਟਾਂ ਵਿੱਚ ਖੇਡਣ ਜਾਣ ਵਾਲੇ ਸਾਰੇ ਖਿਡਾਰੀਆਂ ਨੂੰ ਇਸ 'ਚ ਪਹੁੰਚਣ ਦੇਣ ਦਾ ਲਿਖਤੀ ਭਰੋਸਾ ਦੇਵੇਗਾ।

ਇਸ ਸੰਬੰਧ ਵਿੱਚ ਆਈ ਓ ਸੀ ਦਾ ਭਾਰਤ ਖਿਲਾਫ ਇਹ ਸਖਤ ਫੈਸਲਾ ਉਸ ਘਟਨਾ ਪਿੱਛੋਂ ਆਇਆ ਹੈ, ਜਿਸ ਵਿੱਚ ਭਾਰਤ ਨੇ ਨਵੀਂ ਦਿੱਲੀ ਵਿੱਚ ਸ਼ੁਰੂ ਹੋਏ ਸੰਸਾਰ ਨਿਸ਼ਾਨੇਬਾਜ਼ੀ ਫੈਡਰੇਸ਼ਨ ਵਿਸ਼ਵ ਕੱਪ 'ਚ ਖੇਡਣ ਦੇ ਲਈ ਆਉਣ ਵਾਲੇ ਪਾਕਿਸਤਾਨ ਦੇ ਦੋ ਨਿਸ਼ਾਨੇਬਾਜ਼ਾਂ ਨੂੰ ਵੀਜ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਵਿਸ਼ਵ ਕੱਪ 'ਚ ਟੋਕੀਓ ਉਲੰਪਿਕ 2020 ਦਾ 16 ਖਿਡਾਰੀਆਂ ਕੋਟਾ ਦਾਅ ਉੱਤੇ ਹੈ। ਭਾਰਤ ਨੇ 14 ਫਰਵਰੀ ਨੂੰ ਪੁਲਵਾਮਾ 'ਚ ਹੋਏ ਅੱਤਵਾਦੀ ਹਮਲੇ ਦੇ ਬਾਅਦ ਪਾਕਿਸਤਾਨੀ ਨਿਸ਼ਾਨੇਬਾਜ਼ਾਂ ਨੂੰ ਵੀਜ਼ਾ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਆਈ ਓ ਸੀ ਨੇ ਆਪਣੇ ਬਿਆਨ 'ਚ ਕਿਹਾ ਕਿ ਇਸ ਕੇਸ ਦੀ ਜਾਣਕਾਰੀ ਮਿਲਣ ਪਿੱਛੋਂ ਭਾਰਤੀ ਅਧਿਕਾਰੀਆਂ ਨਾਲ ਅੰਤਿਮ ਮਿੰਟ ਤੱਕ ਕੀਤੀਆਂ ਕੋਸ਼ਿਸ਼ਾਂ ਤੇ ਚਰਚਾ ਦੇ ਬਾਵਜੂਦ ਪਾਕਿਸਤਾਨੀ ਖਿਡਾਰੀਆਂ ਨੂੰ ਭਾਰਤ ਦਾ ਵੀਜ਼ਾ ਦੇਣ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਆਈ ਓ ਸੀ ਨੇ ਕਿਹਾ ਕਿ ਇਸ ਤੋਂ ਬਾਅਦ ਆਈ ਓ ਸੀ ਦੇ ਕਾਰਜਕਾਰੀ ਬੋਰਡ ਨੇ ਭਾਰਤ ਨਾਲ ਸਾਰੇ ਕੇਸਾਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ ਤਾਂ ਕਿ ਖੇਡ ਅਤੇ ਭਾਰਤ 'ਚ ਉਲੰਪਿਕ ਨਾਲ ਸਬੰਧਤ ਪ੍ਰੋਗਰਾਮਾਂ ਦੀ ਮੇਜ਼ਬਾਨੀ ਨਾ ਹੋ ਸਕੇ।

## ਮੋਬਾਈਲ ਐਪ ਫੇਸਬੁਕ ਨੂੰ ਭੇਜਦੇ ਹਨ ਯੂਜ਼ਰਜ਼ ਦੀਆਂ ਸੂਚਨਾਵਾਂ

ਸਾਨ ਫਰਾਂਸਿਸਕੋ, 24 ਫਰਵਰੀ (ਪੋਸਟ ਬਿਊਰੋ)- ਇੱਕ ਸਮਾਚਾਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਈ ਸਮਾਰਟ ਫੋਨ ਐਪਸ ਆਪਣੇ ਯੂਜ਼ਰਜ਼ ਨੂੰ ਸੂਚਨਾ ਦਿੱਤੇ ਬਿਨਾਂ ਸਰੀਰ ਦਾ ਵਜ਼ਨ ਘੱਟ ਕਰਨ ਅਤੇ ਔਰਤਾਂ ਨਾਲ ਸੰਬੰਧਤ ਬੇਹੱਦ ਨਿੱਜੀ ਜਾਣਕਾਰੀਆਂ ਫੇਸਬੁਕ ਨੂੰ ਭੇਜ ਰਹੇ ਹਨ। ਅਖਬਾਰ ਵਾਲ ਸਟਰੀਟ ਜਨਰਲ ਨੇ ਆਪਣੀ ਜਾਂਚ ਦੇ ਆਧਾਰ 'ਤੇ ਤਿਆਰ ਬਣਾਈ ਰਿਪੋਰਟ ਵਿੱਚ ਕਿਹਾ ਹੈ ਕਿ ਇਸ਼ਤਿਹਾਰਾਂ ਨਾਵ ਜੁੜੇ ਟੂਲ ਦੀ ਵਰਤੋਂ ਕਰ ਕੇ ਇਸ ਤਰ੍ਹਾਂ ਦੀ ਜਾਣਕਾਰੀ ਫੇਸਬੁਕ ਨਾਲ ਸਾਂਝੀ ਕੀਤੀ ਜਾਂਦੀ ਹੈ, ਭਾਵੇਂ ਐਪ ਯੂਜ਼ਰਜ਼ ਫੇਸਬੁਕ ਦੀ ਵਰਤੋਂ ਕਰਦੇ ਹੋਣ ਜਾਂ ਨਾ। ਰਿਪੋਰਟ ਅਨੁਸਾਰ ਐਪ ਵੱਲੋਂ ਇਕੱਠੀ ਕੀਤੀ ਜਾਣਕਾਰੀ ਵਿੱਚ ਸਰੀਰ ਦਾ ਵਜ਼ਨ, ਗਰਭ ਅਵਸਥਾ ਦੀ ਸਥਿਤੀ ਅਤੇ ਹੋਰ ਬੇਹੱਦ ਨਿੱਜੀ ਜਾਣਕਾਰੀਆਂ ਅਤੇ ਖਰੀਦੇ ਸਾਮਾਨ ਦਾ ਵੇਰਵਾ ਸ਼ਾਮਲ ਹੈ। ਦੂਜੇ ਪਾਸੇ ਫੇਸਬੁਕ ਨੇ ਵੀ ਇਸ ਬਾਰੇ ਪ੍ਰਤੀਕਿਰਿਆ ਦਿੱਤੀ ਹੈ। ਉਸ ਦੀ ਬੁਲਾਰਾ ਨਿਸਾ ਅੰਕਲੇਸਰਿਆ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਐਪ ਬਣਾਉਣ ਵਾਲੇ ਆਪਣੇ ਯੂਜ਼ਰਜ਼ ਬਾਰੇ ਸਾਡੇ ਨਾਲ ਸਾਂਝੀ ਕੀਤੀ ਜਾਣਕਾਰੀ ਬਾਰੇ ਸਪੱਸ਼ਟ ਰਹਿਣ ਤੇ ਅਸੀਂ ਉਨ੍ਹਾਂ ਨੂੰ ਸੰਵੇਦਨਸ਼ੀਲ ਸੂਚਨਾਵਾਂ ਭੇਜਣ ਤੋਂ ਰੋਕਦੇ ਹਾਂ।

## ਕਾਂਗੋ ਵਿੱਚ ਕੈਮੀਕਲ ਨਾਲ ਭਰੇ ਟਰੱਕ ਦੀ ਬੱਸ ਨਾਲ ਟੱਕਰ ਕਾਰਨ 18 ਮੌਤਾਂ



ਲੂੰਬਬਾਸ਼ੀ (ਕਾਂਗੋ), 24 ਫਰਵਰੀ (ਪੋਸਟ ਬਿਊਰੋ)- ਕਾਂਗੋ ਵਿੱਚ ਇਕ ਮਾਈਨਿੰਗ ਖੇਤਰ 'ਚ ਕੈਮੀਕਲ ਨਾਲ ਭਰੇ ਟਰੱਕ ਅਤੇ ਬੱਸ ਦੀ ਟੱਕਰ ਵਿੱਚ ਘੱਟੋ-ਘੱਟ 18 ਲੋਕਾਂ ਦੀ ਮੌਤ ਹੋ ਗਈ ਹੈ।

ਜਾਣਕਾਰ ਸੂਤਰਾਂ ਅਨੁਸਾਰ ਟਰੱਕ ਵਿੱਚ ਭਰਿਆ ਕੈਮੀਕਲ ਮੁਸਾਫਰਾਂ ਉੱਤੇ ਪੈ ਗਿਆ ਸੀ। ਹਾਦਸਾ ਦੱਖਣ ਪੂਰਬੀ ਲੂੰਬਬਾਸ਼ੀ ਅਤੇ ਕੋਲਵੇਜੀ ਵਿਚਾਲੇ ਫੰਗੂਰੂਮ ਪਿੰਡ ਨੇੜੇ ਹੋਇਆ। ਇਸ ਇਲਾਕੇ 'ਚ ਵੱਡੇ ਪੈਮਾਨੇ 'ਤੇ ਤਾਂਬੇ ਅਤੇ ਕੋਬਾਲਟ ਦੀ ਮਾਈਨਿੰਗ ਹੁੰਦੀ ਹੈ। ਲੈਲਾਬਾ ਸੂਬੇ 'ਚ ਟਰੈਫਿਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਕੈਮੀਕਲ ਲਿਜਾ ਰਿਹਾ ਟੈਂਕਰ ਇਕ ਬੱਸ ਨਾਲ ਜਾ ਟਕਰਾਇਆ ਤਾਂ ਉਸ 'ਚ ਭਰਿਆ ਕੈਮੀਕਲ ਮੁਸਾਫਰਾਂ ਉੱਤੇ ਪੈ ਗਿਆ। ਯੂ ਐਨ ਦੇ ਰੇਡੀਓ ਚੈਨਲ ਨੇ ਦੱਸਿਆ ਕਿ ਹਾਦਸਾਗ੍ਰਸਤ ਟਰੱਕ ਤੋਂ ਕਾਫੀ ਦੇਰ ਤੱਕ ਕੈਮੀਕਲ ਵਹਿੰਦਾ ਰਿਹਾ ਅਤੇ ਨੇੜਲੇ ਪਿੰਡ ਤੱਕ ਪੁੱਜ ਗਿਆ। ਪੁਲਸ ਨੇ ਕਿਹਾ ਕਿ ਫਿਲਹਾਲ ਘਟਨਾ ਸਥਾਨ ਦੇ ਆਸ ਪਾਸ ਆਵਾਜਾਈ ਰੋਕ ਦਿੱਤੀ ਗਈ ਹੈ।

## ਸਮਲਿੰਗੀ ਜੋੜੇ ਦੇ ਬੱਚਿਆਂ ਵਿਚ ਜੁੜਵੇ ਭਰਾਵਾਂ ਵਿੱਚੋਂ ਇਕ ਜਣਾ ਅਮਰੀਕੀ, ਦੂਸਰਾ ਬਾਹਰ

ਵਾਸ਼ਿੰਗਟਨ, 24 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਸਮਲਿੰਗੀ ਜੋੜੇ ਨੇ ਸਰੋਗੇਸੀ ਦੇ ਨਾਲ 2016 ਵਿੱਚ ਕੈਨੇਡਾ ਵਿੱਚ ਜੁੜਵੇ ਬੱਚਿਆਂ ਦਾ ਜਨਮ ਕਰਵ-ਾਇਆ ਸੀ। ਇਨ੍ਹਾਂ ਦੇ ਜਨਮ ਵਿੱਚ ਉਂਝ ਸਿਰਫ ਕੁਝ ਮਿੰਟ ਦਾ ਫਰਕ ਸੀ, ਪਰ ਇਨ੍ਹਾਂ ਦੀ ਨਾਗਰਿਕਤਾ ਸਵਾਲਾਂ ਹੇਠ ਆ ਗਈ ਹੈ। ਇਨ੍ਹਾਂ ਵਿੱਚੋਂ ਇੱਕ ਬੱਚੇ ਏਡੇਨ ਨੂੰ ਅਮਰੀਕੀ ਨਾਗਰਿਕਤਾ ਦੇ ਦਿੱਤੀ ਗਈ, ਪਰ ਦੂਸਰੇ ਭਰਾ ਈਥਨ ਡਰਵੈਸ਼ ਨੂੰ ਨੇ ਅਮਰੀਕੀ ਨਹੀਂ ਮੰ-ਨਿਆ ਗਿਆ। ਅਪੀਲ ਅਤੇ ਲੰਬੀ ਸੁਣਵਾਈ ਦੇ ਬਾਅਦ ਅਦਾਲਤ ਨੇ ਦੂਸਰੇ ਬੱਚੇ ਨੂੰ ਵੀ ਜਨਮ ਤੋਂ ਅਮਰੀਕੀ ਮੰਨਣ ਦਾ ਨਿਰਦੇਸ਼ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਫੈਸਲੇ ਦੀ ਸਮੀਖਿਆ ਕਰਨ ਦੀ ਗੱਲ ਜ਼ਰੂਰ ਕਹੀ ਹੈ।

ਅਮਰੀਕਾ ਦੇ ਐਂਡਰਿਊ ਡਰਵੈਸ਼ ਅਤੇ ਇਜ਼ਰਾਈਲ ਦੇ ਏਲਡ ਡਰਵੈਸ਼ ਨੇ 2010 ਵਿੱਚ ਕੈਨੇਡਾ ਵਿੱਚ ਵਿਆਹ ਕੀਤਾ ਸੀ। ਬਾਅਦ ਵਿੱਚ ਦੋਵਾਂ ਨੇ ਸਰੋਗੇਸੀ ਦੇ ਰਾਹੀਂ ਬੱਚਿਆਂ ਦੇ ਜਨਮ ਦਾ ਫੈਸਲਾ ਲਿਆ ਅਤੇ ਦੋਵਾਂ ਦੇ ਸਪਰਮ ਨਾਲ ਜੁੜਵੇ ਬੱਚਿਆਂ ਦਾ ਜਨਮ ਕਰਾਇਆ ਸੀ। ਇਸ ਨਾਲ ਜਿਸ ਬੱਚੇ ਦਾ ਜਨਮ ਅਮਰੀਕੀ ਪਿਤਾ ਦੇ ਸਪਰਮ ਤੋਂ ਹੋਇਆ, ਉਸ ਨੂੰ ਅਮਰੀਕੀ ਨਾਗਰਿਕਤਾ ਦੇ ਦਿੱਤੀ ਗਈ, ਪਰ ਦੂਸਰੇ ਬੱਚੇ ਨੂੰ ਅਧਿਕਾਰੀਆਂ ਨੇ ਨਾਗਰਿਕਤਾ ਦੇਣ ਤੋਂ ਨਾਂਹ ਕਰ ਦਿੱਤੀ ਹੈ। ਅਇਸ ਦੇ ਬਾਅਦ ਸਮਲਿੰਗੀ ਲੋਕਾਂ ਦੇ ਅਧਿਕਾਰਾਂ ਦੀ ਬਹਿਸ ਛਿੜ ਗਈ ਸੀ।

## ਬ੍ਰਿਟੇਨ ਨੇ ਰੋਲਸ-ਰਾਇਸ ਦੇ ਖਿਲਾਫ ਜਾਂਚ ਬੰਦ ਕੀਤੀ

ਲੰਡਨ, 24 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਨੇ ਰੋਲਸ-ਰਾਇਸ ਕੰਪਨੀ ਦੇ ਸੀਨੀਅਰ ਅਫਸਰਾਂ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਬੰਦ ਕਰਨ ਦਾ ਐਲਾਨ ਕੀਤਾ ਹੈ। ਹਵਾਬਾਜ਼ੀ ਅਤੇ ਰੱਖਿਆ ਖੇਤਰ ਦੀ ਇਸ ਦਿੱਗਜ ਕੰਪਨੀ ਦੇ ਕਈ ਅਧਿਕਾਰੀਆਂ ਖਿਲਾਫ ਭਾਰਤ ਸਮੇਤ ਦੁਨੀਆ ਦੇ ਸੱਤ ਦੇਸ਼ਾਂ ਵਿੱਚ ਜਾਂਚ ਚੱਲ ਰਹੀ ਸੀ। ਇਸ ਸੰਬੰਧ ਵਿੱਚ ਬ੍ਰਿਟਿਸ਼ ਸਰਕਾਰ ਦੀ ਸੀਰੀਅਸ ਫਰਾਡ ਆਫਿਸ (ਐੱਸ ਐੱਫ ਓ) ਨੇ ਕੱਲ੍ਹ ਬਿਆਨ ਦਿੱਤਾ ਹੈ ਕਿ ਇਨ੍ਹਾਂ ਕੇਸਾਂ ਵਿੱਚ ਮਹਾਦੋਸ਼ ਸਫਲ ਹੋਣ ਦੀ ਗੁੰਜਾਇਸ਼ ਘੱਟ ਹੈ ਤੇ ਇਸ ਕਾਰਨ ਜਾਂਚ ਬੰਦ ਕੀਤੀ ਜਾ ਰਹੀ ਹੈ। ਇਹ ਜਾਂਚ ਕਰੀਬ ਛੇ ਸਾਲ ਤੱਕ ਚੱਲੀ ਸੀ। ਅਥਾਰਟੀ ਨੇ ਇਸੇ ਤਰ੍ਹਾਂ ਦੇ ਇੱਕ ਹੋਰ ਮਾਮਲੇ ਵਿੱਚ ਦਵਾਈ ਖੇਤਰ ਦੀ ਦਿੱਗਜ ਕੰਪਨੀ ਗਲੈਕਸੋਸੀਮਿਥਕਲਾਈਨ ਦੇ ਖਿਲਾਫ ਕਈ ਸਾਲਾਂ ਤੋਂ ਚੱਲ ਰਹੀ ਜਾਂਚ ਵੀ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਲਈ ਵੀ ਮਹਾਦੋਸ਼ 'ਚ ਸਫਲਤਾ ਦੀ ਘੱਟ ਸੰਭਾਵਨਾ ਦੱਸੀ ਗਈ ਹੈ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11, Toronto, ON M2K 0A6

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਬਹਿਬਲ ਕਲਾਂ ਕਾਂਡ ਵਿਚ ਐਸ ਪੀ ਬਿਕਰਮਜੀਤ ਦੀਆਂ ਮੁਸ਼ਕਲਾਂ ਵਧਣਗੀਆਂ

ਫ਼ਰੀਦਕੋਟ, 24 ਫਰਵਰੀ, (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿਚ ਦੋਸ਼ੀ ਨਾਮਜ਼ਦ ਕੀਤੇ ਗਏ ਐੱਸ ਪੀ ਬਿਕਰਮਜੀਤ ਸਿੰਘ ਦੀਆਂ ਮੁਸ਼ਕਲਾਂ ਅਗਲੇ ਦਿਨਾਂ ਵਿਚ ਹੋਰ ਵਧਣ ਦੇ ਹਾਲਾਤ ਬਣ ਗਏ ਹਨ।

ਅਸਲ ਵਿੱਚ ਐੱਸ ਪੀ ਬਿਕਰਮਜੀਤ ਸਿੰਘ ਦੇ ਇੱਕ ਨੇੜੂ ਅਤੇ ਫ਼ਰੀਦਕੋਟ ਦੇ ਕਾਰਾਂ ਦੇ ਇੱਕ ਵਪਾਰੀ ਦੇ ਨਿੱਜੀ ਸੁਰੱਖਿਆ ਗਾਰਡ ਨੇ ਗਵਾਹੀ ਦੇ ਦਿੱਤੀ ਹੈ ਕਿ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦੀ ਐਸਕਾਰਟ ਜਿਪਸੀ ਉੱਤੇ ਵਿਖਾਵੇ ਵਾਲੀ ਝੂਠੀ ਫਾਇਰਿੰਗ ਐੱਸ ਪੀ ਬਿਕਰਮਜੀਤ ਸਿੰਘ ਨੇ ਕੀਤੀ ਸੀ। ਵਰਨਣ ਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਐੱਸ ਪੀ ਬਿਕਰਮਜੀਤ ਦੀ ਗ੍ਰਿਫਤਾਰੀ ਉੱਤੇ 21 ਮਈ ਤਕ ਰੋਕ ਲਾ ਦਿੱਤੀ ਸੀ। ਬੇਅਦਬੀ ਅਤੇ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੂੰ ਬੀਤੀ 25

*** ਉਮਰਾਨੰਗਲ ਦਾ ਪੁਲਸ ਰਿਮਾਂਡ 3 ਦਿਨ ਹੋਰ ਵਧਿਆ**

ਜਨਵਰੀ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਪਿੱਛੋਂ ਇਸ ਕੇਸ ਦੀ ਜਾਂਚ ਵਿੱਚ ਉਲਝੇ ਹੋਏ ਪੁਲਿਸ ਅਫਸਰਾਂ ਐੱਸ ਪੀ ਬਿਕਰਮਜੀਤ, ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਤੇ ਇੰਸਪੈਕਟਰ ਪਰਦੀਪ ਸਿੰਘ ਨੇ ਆਪਣੀ ਗ੍ਰਿਫਤਾਰੀ ਉੱਤੇ ਰੋਕ ਲਈ ਅਦਾਲਤ ਨੂੰ ਪਹੁੰਚ ਕੀਤੀ ਸੀ ਤੇ ਇਨ੍ਹਾਂ ਦੀ ਗ੍ਰਿਫਤਾਰੀ ਉੱਤੇ ਅਦਾਲਤ ਨੇ ਰੋਕ ਲਾ ਦਿੱਤੀ ਸੀ। ਕਾਰਾਂ ਦੇ ਵਪਾਰੀ ਦੇ ਨਿੱਜੀ ਸੁਰੱਖਿਆ ਗਾਰਡ ਦੀ ਗਵਾਹੀ ਨਾਲ ਐੱਸ ਪੀ ਦੀਆਂ ਮੁਸ਼ਕਲਾਂ ਹੋਰ ਵਧਣ ਦੇ ਹਾਲਾਤ ਬਣ ਗਏ ਹਨ, ਕਿਉਂਕਿ ਐੱਸ ਆਈ ਟੀ ਇਸ ਕੇਸ ਦੀ ਗੰਭੀਰਤਾ ਵੇਖ ਕੇ ਚੱਲ ਰਹੀ ਹੈ।

ਇਸ ਦੌਰਾਨ ਬਹਿਬਲ ਕਲਾਂ ਗੋਲੀ ਕਾਂਡ ਤੇ ਬੇਅਦਬੀ ਕੇਸਾਂ ਦੀ ਜਾਂਚ ਕਰ ਰਹੀ ਐੱਸ ਆਈ ਟੀ ਵਲੋਂ ਗ੍ਰਿਫ਼ਤਾਰ ਕੀਤੇ ਹੋਏ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੇ ਪੁਲਸ ਰਿਮਾਂਡ ਵਿੱਚ ਤਿੰਨ ਦਿਨ ਦਾ ਵਾਧਾ ਕਰ ਕੇ ਅਦਾਲਤ ਨੇ ਉਸ ਨੂੰ 26 ਜਨਵਰੀ ਤੱਕ ਰਿਮਾਂਡ ਉਤੇ ਭੇਜ ਦਿਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਉਮਰਾਨੰਗਲ ਤੋਂ ਪੁੱਛਗਿੱਛ ਕਰਨ ਲਈ 10 ਦਿਨਾਂ ਦਾ ਹੋਰ ਪੁਲਿਸ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਤਿੰਨ ਦਿਨ ਦਿੱਤੇ ਹਨ। ਇਸ ਤੋਂ ਪਹਿਲਾਂ ਗ੍ਰਿਫਤਾਰੀ ਮੌਕੇ ਪਰਮਰਾਜ ਸਿੰਘ ਉਮਰਾਨੰਗਲ ਦਾ ਚਾਰ ਦਿਨ ਦਾ ਪੁਲਿਸ ਰਿਮਾਂਡ ਮਿਲਿਆ ਸੀ ਤੇ ਉਸ ਨੂੰ ਹਿਰਾਸਤ ਵਿਚ ਰੱਖ ਕੇ ਪੁੱਛਗਿੱਛ ਹੁੰਦੀ ਰਹੀ ਸੀ। ਬੇਦਅਬੀ ਅਤੇ ਗੋਲੀ ਕਾਂਡ ਕੇਸਾਂ ਵਿਚ ਗ੍ਰਿਫਤਾਰ ਕੀਤੇ ਗਏ ਉਮਰਾਨੰਗਲ ਪੁਲਿਸ ਦੇ ਸਭ ਤੋਂ ਸੀਨੀਅਰ ਅਫਸਰ ਹਨ। ਉਨ੍ਹਾਂ ਤੋਂ ਪਹਿਲਾਂ ਐੱਸ ਆਈ ਟੀ ਨੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਚਰਨਜੀਤ ਦੇ ਖੁਲਾਸਿਆਂ ਕਾਰਨ ਆਈ ਜੀ ਉਮਰਾਨੰਗਲ ਦੀ ਗ੍ਰਿਫ਼ਤਾਰੀ ਦਾ ਰਾਹ ਨਿਕਲਿਆ ਸੀ।

# ਕੇਂਦਰ ਨੇ ਪੰਜਾਬ ਵਿੱਚ ਡਰੱਗਜ਼ ਤੇ ਅੱਤਵਾਦ ਦੇ ਸਬੰਧਾਂ ਦੀ ਜਾਂਚ ਲਈ ਐੱਸ ਟੀ ਐੱਫ ਬਣਾਈ

ਚੰਡੀਗੜ੍ਹ, 24 ਫਰਵਰੀ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਨਸ਼ੀਲੇ ਪਦਾਰਥਾਂ ਦੇ ਕੇਸਾਂ ਦੀ ਜਾਂਚ ਲਈ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਬਣਾਏ ਜਾਣ ਦੇ ਕਰੀਬ ਦੋ ਸਾਲ ਬਾਅਦ ਕੇਂਦਰ ਸਰਕਾਰ ਨੇ ਨਸ਼ੀਲੇ ਪਦਾਰਥਾਂ ਦੇ ਕੇਸਾਂ ਦੀ ਜਾਂਚ ਲਈ ਐੱਸ ਟੀ ਐੱਫ ਬਣਾ ਦਿਤੀ ਹੈ। ਇਹ ਜਾਣਕਾਰੀ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਕੇਂਦਰ ਦੇ ਵਕੀਲ ਨੇ ਦਿੱਤੀ ਹੈ। ਕੇਂਦਰ ਵੱਲੋਂ ਬਣਾਈ ਐੱਸ ਟੀ ਐੱਫ ਨਸ਼ੀਲੇ ਪਦਾਰਥਾਂ ਤੇ ਅੱਤਵਾਦ ਦੇ ਸਬੰਧਾਂ ਦੀ ਜਾਂਚ ਕਰੇਗੀ।



ਚੀਫ ਜਸਟਿਸ ਕ੍ਰਿਸ਼ਣ ਮੁਰਾਰੀ ਅਤੇ ਜਸਟਿਸ ਏ ਬੀ ਚੌਧਰੀ ਦੇ ਬੈਂਚ ਮੂਹਰੇ ਪੰਜਾਬ ਵਿੱਚ ਡਰੱਗਜ਼ ਦੇ ਕੇਸਾਂ ਦੀ ਸੁਣਵਾਈ ਦੌਰਾਨ ਕੇਂਦਰ ਦੇ ਵਕੀਲ ਨੇ ਦੱਸਿਆ ਕਿ ਪੰਜਾਬ ਅਤੇ ਰਾਜਸਥਾਨ ਵਿੱਚ ਨਸ਼ੀਲੇ ਪਦਾਰਥਾਂ ਦੇ ਕੇਸਾਂ ਦੇ ਸੰਬੰਧ ਕਸ਼ਮੀਰ ਦੀ ਸਰਹੱਦ ਤੱਕ ਜਾ ਜੁੜਦੇ ਹਨ। ਕੇਂਦਰ ਸਰਕਾਰ ਦੀ ਬਣਾਈ ਇਸ ਨਵੀਂ ਐੱਸ ਟੀ ਐੱਫ ਨੂੰ ਸਾਰੇ ਰਾਜਾਂ ਦੇ ਅੰਦਰ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਕੇਸਾਂ ਦਾ ਵੇਰਵਾ ਭੇਜਿਆ ਜਾਵੇਗਾ।

ਸਭ ਤੋਂ ਪਹਿਲਾਂ ਪੰਜਾਬ ਦੀ ਮੌਜੂਦਾ ਸਰਕਾਰ ਨੇ ਨਸ਼ੀਲੇ ਪਦਾਰਥਾਂ ਦੇ ਕੇਸਾਂ ਦੀ ਜਾਂਚ ਕਰਨ ਲਈ ਐੱਸ ਟੀ ਐੱਫ ਬਣਾਈ ਸੀ। ਪੰਜਾਬ ਦੀ ਐੱਸ ਟੀ ਐੱਫ ਨੇ ਨਸ਼ੀਲੇ ਪਦਾਰਥਾਂ ਦੇ ਸੰਬੰਧ ਵਿੱਚ ਪਿਛਲੇ ਦੋ ਸਾਲਾਂ ਵਿੱਚ ਦਰਜ ਹੋਏ 9800 ਕੇਸਾਂ ਦੀ ਸੂਚੀ ਪੇਸ਼ ਕੀਤੀ ਸੀ। ਹਾਈ ਕੋਰਟ ਦੇ ਜਸਟਿਸ ਰਾਜੀਵ ਸ਼ਰਮਾ ਦੇ ਹੁਕਮਾਂ ਪਿੱਛੋਂ ਇਨ੍ਹਾਂ ਕੇਸਾਂ ਦੇ ਸੰਬੰਧ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਕੇਸ ਦਰਜ ਕੀਤੇ ਜਾਣੇ ਹਨ। ਈ ਡੀ ਵੱਲੋਂ ਬਣਾਈ ਗਈ ਐੱਸ ਟੀ ਐੱਫ ਦੀ ਅਗਵਾਈ ਇਸ ਵਿਭਾਗ ਦੇ ਜਾਇੰਟ ਡਾਇਰੈਕਟਰ ਜਾਂ ਕੋਈ ਬਰਾਬਰ ਰੈਂਕ ਦੇ ਕੋਈ ਅਧਿਕਾਰੀ ਕਰਨਗੇ। ਕੇਂਦਰ ਦੇ ਅਸਿਸਟੈਂਟ ਸਾਲਿਸਟਰ ਜਨਰਲ ਚੇਤਨ ਮਿੱਤਲ ਨੇ ਅਦਾਲਤ ਨੂੰ ਐਫੀਡੇਵਿਟ ਦਿੱਤਾ ਕਿ ਡਰੱਗ ਦੇ ਕੇਸਾਂ ਵਿੱਚ ਹਾਲੇ ਤਕ ਈ ਡੀ ਅਤੇ ਹੋਰ ਏਜੰਸੀਆਂ ਦੀ ਜਾਂਚ ਤੋਂ ਮਹਿਸੂਸ ਹੋਇਆ ਹੈ ਕਿ ਇਨ੍ਹਾਂ ਦੀ ਜਾਂਚ ਸਾਂਝੇ ਤੌਰ ਉੱਤੇ ਹੋਣੀ ਚਾਹੀਦੀ ਹੈ ਤੇ ਇਹ ਸੂਬਾ ਪੱਧਰ ਉੱਤੇ ਨਹੀਂ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉੱਤੇ ਜਾਂਚ ਦੀ ਲੋੜ ਮਹਿਸੂਸ ਹੋਣ ਲੱਗੀ ਹੈ।

## ਨਿਸ਼ਾਨੇਬਾਜ਼ੀ ਵਿਸ਼ਵ ਕੱਪ

# ਅਪੂਰਵੀ ਚੰਦੇਲਾ ਨੇ ਵਿਸ਼ਵ ਰਿਕਾਰਡ ਨਾਲ ਸੋਨ ਤਗਮਾ ਜਿੱਤਿਆ

ਨਵੀਂ ਦਿੱਲੀ, 24 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸਟਾਰ ਨਿਸ਼ਾਨੇਬਾਜ਼ ਅਪੂਰਵੀ ਚੰਦੇਲਾ ਨੇ ਨਵੀਂ ਦਿੱਲੀ ਵਿੱਚ ਹੋ ਰਹੇ ਨਿਸ਼ਾਨੇਬਾਜ਼ੀ ਵਿਸ਼ਵ ਕੱਪ ਵਿੱਚ ਔਰਤਾਂ ਦੇ 10 ਮੀਟਰ ਏਅਰ ਰਾਈਫਲ ਸ਼ੋਅ ਵਿੱਚ ਸੋਨ ਤਗਮਾ ਹਾਸਲ ਕੀਤਾ ਹੈ। ਉਸ ਨੇ ਫਾਈਨਲ ਵਿੱਚ 252.9 ਅੰਕ ਹਾਸਲ ਕੀਤੇ, ਜੋ ਇੱਕ ਵਿਸ਼ਵ ਰਿਕਾਰਡ ਵੀ ਹੈ।



ਇਸ ਤਮਗੇ ਦੇ ਨਾਲ ਉਹ ਅੰਜਲੀ ਭਾਗਵਤ ਦੇ ਬਾਅਦ ਮਹਿਲਾਵਾਂ ਦੀ 10 ਮੀਟਰ ਏਅਰ ਰਾਈਫਲ ਵਿੱਚ ਸੋਨ ਤਗਮਾ ਜਿੱਤਣ ਵਾਲੀ ਦੂਸਰੀ ਮਹਿਲਾ ਨਿਸ਼ਾਨੇਬਾਜ਼ ਬਣ ਗਈ ਹੈ। ਇਹ ਚੰਦੇਲਾ ਦਾ ਵਿਸ਼ਵ ਕੱਪ ਵਿੱਚ ਤੀਸਰਾ ਤਗਮਾ ਹੈ। ਉਸ ਨੇ ਇਸ ਤੋਂ ਪਹਿਲਾਂ 2015 ਵਿੱਤ ਚੈਂਹਵੋਨ ਵਿੱਚ ਹੋਏ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ। ਸਾਲ 2014 ਵਿੱਚ ਗਲਾਸਗੋ ਕਾਮਨਵੈੱਲਥ ਖੇਡਾਂ ਵਿੱਚ ਸੋਨਾ ਅਤੇ ਸਾਲ 2018 ਦੇ ਗੋਲਡ ਕੋਸਟ ਕਾਮਨਵੈੱਲਥ ਗੇਮਜ਼ ਵਿੱਚ ਕਾਂਸੀ ਤਮਗਾ ਜਿੱਤਿਆ ਸੀ। 2018 ਦੇ ਜਕਾਰਤਾ ਏਸ਼ੀਅਨ ਖੇਡਾਂ ਵਿੱਚ ਉਸ ਨੇ ਰਵੀ ਕੁਮਾਰ ਨਾਲ ਮਿਲ ਕੇ ਮਿਕਸ ਟੀਮ ਵਿੱਚ 10 ਮੀਟਰ ਏਅਰ ਰਾਈਫਲ ਵਿੱਚ ਕਾਂਸੀ ਤਗਮਾ ਹਾਸਲ ਕੀਤਾ ਸੀ।

# ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਜ਼ਿਲ੍ਹਾ ਅਦਾਲਤ ਵਿੱਚ ਆਹਮੋ-ਸਾਹਮਣੇ

ਚੰਡੀਗੜ੍ਹ, 24 ਫਰਵਰੀ (ਪੋਸਟ ਬਿਊਰੋ)- ਮੰਡੀ ਗੋਬਿੰਦਗੜ੍ਹ ਦੀ ਦੇਸ਼ ਭਗਤ ਯੂਨੀਵਰਸਿਟੀ ਨੇ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿੱਚ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਫਰੀਦਕੋਟ ਦੇ ਖਿਲਾਫ ਇੱਕ ਕਰੋੜ ਦਾ ਮਾਣਹਾਨੀ ਕੇਸ ਕੀਤਾ ਹੈ, ਜਿਸ ਵਿੱਚ ਉਸ ਨੇ ਦੋਸ਼ ਲਾਇਆ ਕਿ ਬਾਬਾ ਫਰੀਦ ਯੂਨੀਵਰਸਿਟੀ ਨੇ ਜਾਣਬੁੱਝ ਕੇ ਵਿਦਿਆਰਥੀਆਂ ਦੇ ਦਾਖਲੇ ਬਾਰੇ ਦੋ ਵਾਰ ਵਿਚਾਰ ਵਟਾਂਦਰੇ ਲਈ ਮੀਟਿੰਗ 'ਚ ਸ਼ਾਮਲ ਨਹੀਂ ਕੀਤਾ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਅਤੇ ਨਾਲ ਦੇਸ਼ ਭਗਤ ਯੂਨੀਵਰਸਿਟੀ ਦੇ ਅਕਸ ਨੂੰ ਵੀ ਠੇਸ ਪਹੁੰਚੀ ਹੈ।

ਦੇਸ਼ ਭਗਤ ਯੂਨੀਵਰਸਿਟੀ ਦੇ ਵਕੀਲ ਮਵਪ੍ਰੀਤ ਸਿੰਘ ਨੇ ਇਹ ਸਿਵਲ ਕੇਸ ਕੀਤਾ ਹੈ, ਜਿਸ ਦੇ ਮੁਤਾਬਕ ਦੇਸ਼ ਭਗਤ ਯੂਨੀਵਰਸਿਟੀ ਦਾ ਡੈਂਟਲ ਕਾਲਜ ਪਹਿਲਾਂ ਬਾਬਾ ਫਰੀਦ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸੀ। ਓਦੋਂ ਉਨ੍ਹਾਂ ਕੋਲ ਪਹਿਲਾਂ ਬੀ ਡੀ ਐੱਸ ਦੀਆਂ 60 ਸੀਟਾਂ ਸਨ, ਜਿਨ੍ਹਾਂ ਨੂੰ ਸਾਲ 2010 ਵਿੱਚ ਵਧਾ ਕੇ 100 ਕਰ ਦਿੱਤਾ ਗਿਆ, ਪਰ ਸਾਲ 2017 ਵਿੱਚ ਗਿਆਨ ਸਾਗਰ ਇੰਸਟੀਚਿਊਟ ਬੰਦ ਹੋਣ ਪਿੱਛੋਂ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਹੋਰ ਕਾਲਜਾਂ ਵਿੱਚ ਬਦਲਣ ਦੇ ਨਿਰਦੇਸ਼ ਦਿੱਤੇ ਸਨ। ਪੰਜਾਬ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਤਬਦੀਲ ਕਰਨ ਦੀ ਜ਼ਿੰਮੇਵਾਰੀ ਬਾਬਾ ਫਰੀਦ ਯੂਨੀਵਰਸਿਟੀ ਨੂੰ ਦਿੱਤੀ ਤਾਂ ਬਾਬਾ ਫਰੀਦ ਯੂਨੀਵਰਸਿਟੀ ਨੇ ਕੌਂਸਲਿੰਗ ਕਰਵਾਈ ਸੀ ਤਾਂ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਦੂਸਰੇ ਕਾਲਜਾਂ ਵਿੱਚ ਦਾਖਲਾ ਮਿਲ ਜਾਏ, ਪਰ ਦੇਸ਼ ਭਗਤ ਡੈਂਟਲ ਕਾਲਜ ਨੂੰ ਕੌਂਸਲਿੰਗ 'ਚ ਹਿੱਸਾ ਲੈਣ ਦੀ ਆਗਿਆ ਨਹੀਂ ਦਿੱਤੀ ਗਈ। ਇਹੀ ਨਹੀਂ ਦੇਸ਼ ਭਗਤ ਯੂਨੀਵਰਸਿਟੀ ਦੇ ਫੀਜ਼ੀਓਥੈਰੇਪੀ ਤੇ ਨਰਸਿੰਗ ਇੰਸਟੀਚਿਊਟਸ ਨੂੰ ਵੀ ਕੌਂਸਲਿੰਗ 'ਚ ਨਹੀਂ ਸ਼ਾਮਲ ਕੀਤਾ ਗਿਆ। ਇਸ ਨਾਲ ਦੇਸ਼ ਭਗਤ ਯੂਨੀਵਰਸਿਟੀ ਨੂੰ ਨੁਕਸਾਨ ਹੋਇਆ ਹੈ ਤੇ ਬਾਬਾ ਫਰੀਦ ਯੂਨੀਵਰਸਿਟੀ ਨੇ ਜਾਣਬੁੱਝ ਕੇ ਇਸ ਤਰ੍ਹਾਂ ਕੀਤਾ ਸੀ। ਦੇਸ਼ ਭਗਤ ਯੂਨੀਵਰਸਿਟੀ ਨੇ ਚਿੱਠੀ ਰਾਹੀਂ ਇਸ ਦਾ ਕਾਰਨ ਪੁੱਛਿਆ ਸੀ, ਪਰ ਬਾਬਾ ਫਰੀਦ ਯੂਨੀਵਰਸਿਟੀ ਨੇ ਕੋਈ ਜਵਾਬ ਨਹੀਂ ਦਿੱਤਾ। ਦੂਜੇ ਪਾਸੇ ਬਾਬਾ ਫਰੀਦ ਯੂਨੀਵਰਸਿਟੀ ਦੇ ਐਡਵੋਕੇਟ ਵਿਨੋਦ ਕੁਮਾਰ ਨੇ ਕਿਹਾ ਕਿ ਇਹ ਇਸ ਅਦਾਲਤ ਦੇ ਖੇਤਰ ਵਿੱਚ ਨਹੀਂ ਆਉਂਦਾ ਤੇ ਇਸ ਕੇਸ ਨੂੰ ਫਰੀਦਕੋਟ ਦੀ ਜ਼ਿਲ੍ਹਾ ਅਦਾਲਤ ਵਿੱਚ ਭੇਜਣ ਦੀ ਅਰਜ਼ੀ ਦਿੱਤੀ ਜਾ ਚੁੱਕੀ ਹੈ, ਪਰ ਕਈ ਮਹੀਨੇ ਬੀਤਣ ਦੇ ਬਾਵਜੂਦ ਇਸ ਦੀ ਸੁਣਵਾਈ ਨਹੀਂ ਹੋਈ। ਅਦਾਲਤ ਇਸ ਮਾਮਲੇ ਦੀ ਸੁਣਵਾਈ 27 ਮਾਰਚ ਨੂੰ ਕਰੇਗੀ।


BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਹੈਲਪਰ ਦੀ ਲੋੜ ਹੈ
Construction Company
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com

ਨੈਨੀ ਦੀ ਲੋੜ ਹੈ
Gore Rd & Ebenezer
•Must have own Transportion
•Must be from Brampton
Light House Duties
Cooking & Taking Care of two 5 year olds
From 2pm to 8pm
Contact: 416.648.2455

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜ਼ਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 I 00971559436629(Whatsapp)

ਜੱਟ ਸਿੱਖ ਸੰਘਾ, ਇਕਲੌਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 I joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ, ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 I 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2", M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 I 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



Wanted Office Clerk & Office Administrator
◦Fluent in English & Hindi are essential
◦Good communication skills
◦Good computer skills
◦Willing to work in a fast paced work environment.
Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਹੇਆ

# ਉਘੇ ਪੰਜਾਬੀ ਲੇਖਕ ਡਾਕਟਰ ਐੱਸ ਤਰਸੇਮ ਦਾ ਦਿਹਾਂਤ

ਮਾਲੇਰਕੋਟਲਾ, 24 ਫਰਵਰੀ (ਪੋਸਟ ਬਿਊਰੋ)- ਪੰਜਾਬੀ ਦੇ ਉਘੇ ਲੇਖਕ ਡਾਕਟਰ ਐੱਸ ਤਰਸੇਮ (77) ਨਹੀਂ ਰਹੇ। ਉਨ੍ਹਾਂ ਨੂੰ ਕਰੀਬ ਹਫਤਾ ਪਹਿਲਾਂ ਦਿਲ ਦੀ ਤਕਲੀਫ ਹੋਣ 'ਤੇ ਲੁਧਿਆਣਾ ਹਸਪਤਾਲ ਦਾਖਲ ਕਰਾਇਆ ਗਿਆ ਸੀ, ਜਿੱਥੇ ਕੱਲ੍ਹ ਉਨ੍ਹਾਂ ਨੇ ਆਖਰੀ ਸਾਹ ਲਏ।



ਡਾ: ਤਰਸੇਮ ਨੇ ਨੇਤਰਹੀਣ ਹੋਣ ਦੇ ਬਾਵਜੂਦ ਐੱਮ ਏ ਪੰਜਾਬੀ, ਹਿੰਦੀ ਤੇ ਉਰਦੂ ਪਹਿਲੀ ਡਵੀਜ਼ਨ ਵਿੱਚ ਕਰਨ ਦੇ ਨਾਲ ਅਤੇ ਪੰਜਾਬੀ ਯੂਨੀਵਰਸਿਟੀ ਵਿੱਚੋਂ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ 24 ਮੌਲਿਕ ਅਤੇ ਇੰਨੀਆਂ ਹੀ ਸੰਪਾਦਤ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। 'ਪੰਜਾਬੀ ਗਜ਼ਲ ਸ਼ਾਸਤਰ' ਅਤੇ 'ਗਜ਼ਲ ਅਰੂਜ਼ ਤੇ ਪਿੰਗਲ' ਦੋ ਅਜਿਹੀਆਂ ਪੁਸਤਕਾਂ ਹਨ, ਜਿਨ੍ਹਾਂ ਬਿਨਾਂ ਪੰਜਾਬੀ ਗਜ਼ਲ ਦੀ ਨਹੀਂ, ਸਮੁੱਚੀ ਵਿਸ਼ਵ ਗਜ਼ਲ ਦੀ ਚਰਚਾ ਕਰਨੀ ਸੰਭਵ ਨਹੀਂ। ਉਨ੍ਹਾਂ ਦੇ ਆਪਣੇ ਗਜ਼ਲ ਸੰਗ੍ਰਹਿਆਂ 'ਕਿਰਮਚੀ ਹਰਫ ਕਾਲੇ ਹਾਸ਼ੀਏ', 'ਢਾਈ ਅੱਖਰ', 'ਹਰਫ ਹਰਫ ਰੁਸ਼ਨਾਈ' ਅਤੇ 'ਪਰਵਾਜ਼ ਦਰ ਪਰਵਾਜ਼' ਵਿੱਚ ਦੋ ਸੌ ਤੋਂ ਵੱਧ ਗਜ਼ਲਾਂ ਬਦੌਲਤ ਉਨ੍ਹਾਂ ਪੰਜਾਬੀ ਹੀ ਨਹੀਂ, ਹੋਰ ਭਾਸ਼ਾਵਾਂ ਦੇ ਸ਼ਾਇਰਾਂ ਤੇ ਪਾਠਕਾਂ ਦਾ ਧਿਆਨ ਖਿੱਚਿਆ। ਡਾਕਟਰ ਐੱਸ ਤਰਸੇਮ ਦੇ ਪੰਜ ਕਹਾਣੀ ਸੰਗ੍ਰਹਿਆਂ ਤੇ ਤਿੰਨ ਭਾਗਾਂ ਵਿੱਚ ਛਪੀ ਆਤਮ ਕਥਾ 'ਕੱਚੀ ਮਿੱਟੀ ਪੱਕਾ ਰੰਗ', 'ਧ੍ਰਿਤਰਾਸ਼ਟਰ' ਅਤੇ 'ਕਲਮ ਤੇ ਕਲਾਮ' ਪੜ੍ਹ ਕੇ ਕੋਈ ਓਪਰਾ ਵਿਅਕਤੀ ਇਹ ਨਹੀਂ ਕਹਿ ਸਕਦਾ ਕਿ ਅੱਖਾਂ ਦੀ ਰੋਸ਼ਨੀ ਗਵਾ ਚੁੱਕੇ ਕਿਸੇ ਵਿਅਕਤੀ ਨੇ ਇੰਨੀਆਂ ਰਚਨਾਵਾਂ ਸਿਰਜੀਆਂ ਹਨ। 2004 ਤੋਂ ਤ੍ਰੈ-ਮਾਸਿਕ 'ਨਜ਼ਰੀਆ' ਦਾ ਸੰਪਾਦਨ ਅਤੇ ਅੱਜ ਤੱਕ ਦੇ 61 ਅੰਕਾਂ ਤੱਕ ਦਾ ਸੰਪਾਦਨ ਉਨ੍ਹਾਂ ਦੇ ਗਤੀਸ਼ੀਲ ਸੁਭਾਅ ਦੀ ਬਾਤ ਪਾਉਂਦਾ ਹੈ। 24 ਵੱਡ-ਆਕਾਰੀ ਪੁਸਤਕਾਂ ਦਾ ਅਨੁਵਾਦ ਅਤੇ ਸੰਪਾਦਨ ਉਨ੍ਹਾਂ ਦੇ ਬਹੁ-ਭਾਸ਼ਾਈ ਗਿਆਨ ਅਤੇ ਹੁਨਰ ਦੀ ਹਾਮੀ ਭਰਦਾ ਹੈ। ਉਨ੍ਹਾਂ ਦੀਆਂ ਬਹੁਤੀਆਂ ਪੁਸਤਕਾਂ ਉਰਦੂ ਅਦਬ ਨਾਲ ਸੰਬੰਧਤ ਹਨ, ਜੋ ਮੰਟੋ, ਰਾਜਿੰਦਰ ਸਿੰਘ ਬੇਦੀ ਤੇ ਕ੍ਰਿਸ਼ਨ ਚੰਦਰ ਦੀਆਂ ਕਹਾਣੀਆਂ ਅਤੇ ਫੈਜ਼ ਅਹਿਮਦ ਫੈਜ਼ ਦੀ ਸ਼ਾਇਰੀ ਬਾਰੇ ਹਨ। ਉਨ੍ਹਾਂ ਪ੍ਰਿੰਸੀਪਲ ਸੁਜਾਨ ਸਿੰਘ, ਪ੍ਰੋਫੈਸਰ ਮੋਹਨ ਸਿੰਘ, ਲਾਲ ਸਿੰਘ ਦਿਲ, ਬਾਵਾ ਬਲਵੰਤ ਸਿੰਘ, ਸੁਰਜੀਤ ਪਾਤਰ, ਸੰਤ ਰਾਮ ਉਦਾਸੀ ਆਦਿ ਲੇਖਕਾਂ ਤੋਂ ਇਲਾਵਾ ਇੱਕ ਦਰਜਨ ਤੋਂ ਵੱਧ ਪੁਸਤਕਾਂ ਦਾ ਸੰਪਾਦਨ ਕੀਤਾ ਹੈ। ਪੰਜਾਬ ਸਰਕਾਰ ਦੇ ਸਾਲ 2000 ਵਿੱਚ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਅਤੇ ਇਸੇ ਹੀ ਸਾਲ ਨਾਰਵੇ ਦੀ ਇੱਕ ਸੰਸਥਾ ਵੱਲੋਂ ਏ ਆਈ ਸੀ ਬੀ ਦੇ 18 ਕੈਰੇਟ ਗੋਲਡ ਮੈਡਲ ਮਿਲੇਨੀਅਮ ਐਵਾਰਡ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਤੇ ਇੱਕ ਕੌਮਾਂਤਰੀ ਜਥੇਬੰਦੀ ਵੱਲੋਂ ਪੁਰਸਕਾਰ ਉਨ੍ਹਾਂ ਨੂੰ ਪ੍ਰਾਪਤ ਹਨ। ਇਨ੍ਹਾਂ ਸਮੇਤ ਦੋ ਦਰਜਨ ਤੋਂ ਵੀ ਵੱਧ ਵੱਕਾਰੀ ਸਨਮਾਨ ਡਾਕਟਰ ਐੱਸ ਤਰਸੇਮ ਦੀ ਝੋਲੀ ਪਏ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਤੇ ਜਨਰਲ ਸਕੱਤਰ ਰਹੇ ਡਾਕਟਰ ਐੱਸ ਤਰਸੇਮ ਦੇ ਦਿਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਦੁੱਖ ਪ੍ਰਗਟ ਕੀਤਾ ਹੈ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਤੇ ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ ਨੇ ਵੀ ਦੁੱਖ ਪ੍ਰਗਟ ਕੀਤਾ ਹੈ।

### ਰਾਜੀਵ ਗਾਂਧੀ ਕਤਲ ਕਾਂਡ:

## ਉਮਰ ਕੈਦ ਕੱਟ ਰਹੀ ਨਲਿਨੀ ਨੇ ਸਾਰੇ ਸੱਤ ਦੋਸ਼ੀ ਛੱਡਣ ਦੀ ਮੰਗ ਕੀਤੀ

ਚੇਨਈ, 24 ਫਰਵਰੀ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੀ ਨਲਿਨੀ ਸ੍ਰੀਹਰਨ ਨੇ ਆਪਣੀ ਅਤੇ ਇਸ ਕੇਸ ਦੇ ਬਾਕੀ ਛੇ ਦੋਸ਼ੀਆਂ ਦੀ ਰਿਹਾਈ ਲਈ ਤਾਮਿਲ ਨਾਡੂ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ। ਵੇਲੋਰ ਜੇਲ ਵਿੱਚੋਂ ਨਲਿਨੀ ਨੇ ਮੁੱਖ ਮੰਤਰੀ ਈ ਪਲਾਨੀਸਾਮੀ ਨੂੰ ਚਿੱਠੀ ਲਿਖੀ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਮੁੱਖ ਮੰਤਰੀ ਦੇ ਹੱਥ ਹਨ ਤੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇ।



ਇਸ ਬਾਰੇ ਨਲਿਨੀ ਨੇ ਮੁੱਖ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਕਿਹਾ ਹੈ ਕਿ ਨੌਂ ਸਤੰਬਰ 2018 ਨੂੰ ਤਾਮਿਲ ਨਾਡੂ ਦੇ ਗਵਰਨਰ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਸੰਵਿਧਾਨ ਦੀ ਧਾਰਾ 161 ਹੇਠ ਮਿਲੇ ਹੋਏ ਅਧਿਕਾਰ ਦੀ ਵਰਤੋਂ ਕਰ ਕੇ ਰਾਜੀਵ ਗਾਂਧੀ ਕਤਲ ਕੇਸ ਦੇ ਸਾਰੇ ਦੋਸ਼ੀਆਂ ਨੂੰ ਰਿਹਾਅ ਕਰਨ। ਉਸ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਸੂਬਾ ਕੈਬਨਿਟ ਦੀ ਇਸ ਸਿਫਾਰਸ਼ ਦੇ ਪੰਜ ਮਹੀਨਿਆਂ ਪਿੱਛੋਂ ਵੀ ਉਨ੍ਹਾਂ ਨੂੰ ਛੱਡਿਆ ਨਹੀਂ ਗਿਆ।

## ਗੁੰਡਾ ਟੈਕਸ ਨਾ ਦੇਣ ਉਤੇ ਡੇਅਰੀ ਚਾਲਕ ਦੀ ਹੱਤਿਆ

ਬਰਨਾਲਾ, 24 ਫਰਵਰੀ (ਪੋਸਟ ਬਿਊਰੋ)- ਗੁੰਡਾ ਟੈਕਸ ਨਾ ਦੇਣ ਕਾਰਨ ਡੇਅਰੀ ਦਾ ਕੰਮ ਕਰਦੇ ਦੁਕਾਨਦਾਰ ਦਾ ਕਤਲ ਕਰ ਦਿੱਤਾ ਗਿਆ ਤੇ ਉਸ ਦਾ ਨੌਕਰ ਗੰਭੀਰ ਜ਼ਖਮੀ ਹੋ ਗਿਆ। ਇਸ ਕਤਲ ਨੂੰ ਬਦਮਾਸ਼ਾਂ ਨੇ ਰੋਡ ਐਕਸੀਡੈਂਟ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਦਾ ਖੁਲਾਸਾ ਗੰਭੀਰ ਜ਼ਖਮੀ ਨੌਕਰ ਨੇ ਕੀਤਾ। ਦੋਸ਼ੀਆਂ ਨੇ ਪਹਿਲਾਂ ਉਨ੍ਹਾਂ ਦੇ ਮੋਟਰ ਸਾਈਕਲ ਨੂੰ ਕਾਰ ਨਾਲ ਟੱਕਰ ਮਾਰੀ ਫਿਰ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਫਿਰ ਦੋਵਾਂ ਨੂੰ ਮਰਿਆ ਹੋਇਆ ਸਮਝ ਕੇ ਦੋਸ਼ੀ ਉਥੋਂ ਚਲੇ ਗਏ ਸਨ।

ਐੱਸ ਐੱਚ ਓ ਸਿਟੀ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਸੰਘੇੜਾ ਵਿੱਚ ਡੇਅਰੀ ਉੱਤੇ ਕੰਮ ਕਰਨ ਵਾਲੇ ਜਗਤਾਰ ਸਿੰਘ ਵਾਸੀ ਸੰਘੇੜਾ ਦੇ ਬਿਆਨ 'ਤੇ ਡੇਅਰੀ ਮਾਲਕ ਗੁਰਮੇਲ ਸਿੰਘ ਦੇ ਕਤਲ ਕੇਸ ਵਿੱਚ ਹਨੀ, ਘੁੱਕਰ, ਧੰਨਾ ਅਤੇ ਬਿੰਦਰ ਉੱਤੇ ਪਰਚਾ ਦਰਜ ਕੀਤਾ ਹੈ। ਦੋਸ਼ੀ ਸੰਘੇੜਾ ਦੇ ਰਹਿਣ ਵਾਲੇ ਹਨ। ਜਗਤਾਰ ਸਿੰਘ ਨੇ ਦੱਸਿਆ ਕਿ ਦੋਸ਼ੀ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਦੁਕਾਨ 'ਤੇ ਆਏ ਸਨ। ਉਹ ਉਨ੍ਹਾਂ ਤੋਂ ਜਬਰੀ ਰੁਪਏ ਮੰਗਦੇ ਸਨ। ਉਨ੍ਹਾਂ ਨੇ ਰੁਪਏ ਦੇਣ ਤੋਂ ਮਨ੍ਹਾ ਕਰ ਦਿੱਤਾ। ਇਲਾਜ ਅਧੀਨ ਜਗਤਾਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਮਾਲਕ ਗੁਰਮੇਲ ਸਿੰਘ ਦੇ ਨਾਲ ਮੋਟਰ ਸਾਈਕਲ 'ਤੇ ਸੰਘੇੜਾ ਤੋਂ ਉਨ੍ਹਾਂ ਦੇ ਪਿੰਡ ਕਰਮਗੜ੍ਹ ਜਾ ਰਿਹਾ ਸੀ। ਚਾਰਾਂ ਦੋਸ਼ੀਆਂ ਨੇ ਕਾਰ ਨਾਲ ਟੱਕਰ ਮਾਰ ਕੇ ਉਨਾਂ ਡੇਗ ਦਿੱਤਾ। ਉਨ੍ਹਾਂ ਦੇ ਹੱਥ ਵਿੱਚ ਬੇਸਬਾਲ ਅਤੇ ਰਾਡ ਸੀ। ਚਾਰਾਂ ਨੇ ਉਨ੍ਹਾਂ 'ਤੇ ਹਮਲਾ ਕੀਤਾ। ਉਨ੍ਹਾਂ ਨੇ ਗੁਰਮੇਲ ਅਤੇ ਉਸ ਦੇ ਸਿਰ ਅਤੇ ਨੱਕ 'ਤੇ ਵਾਰ ਕੀਤੇ।


Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ ।



BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance

Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner



RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0



A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
- Yard to Yard work
Single driver : 600-2000 miles
- Per miles : $1.45
Team driver : 5500miles/weel for USA
- Driver Rate : 48 cents
Call Jagtar Raman : (647) 292-5757
(905) 595-0408



MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

## ਕਾਰਤਿਕ ਆਰੀਅਨ ਨੂੰ ਕਿਊਟ ਮੰਨਦੀ ਹੈ ਅਨੰਨਿਆ



ਬਾਲੀਵੁੱਡ ਅਦਾਕਾਰਾ ਤੇ ਚੰਕੀ ਪਾਂਡੇ ਦੀ ਪੁੱਤਰੀ ਅਨੰਨਿਆ ਪਾਂਡੇ ਕਾਰਤਿਕ ਆਰੀਅਨ ਨੂੰ ਬਹੁਤ ਕਿਊਟ ਮੰਨਦੀ ਹੈ ਅਤੇ ਉਸ ਨਾਲ ਡੇਟ 'ਤੇ ਜਾਣਾ ਚਾਹੁੰਦੀ ਹੈ। ਸਾਰਾ ਅਲੀ ਖਾਨ ਤੋਂ ਬਾਅਦ ਅਨੰਨਿਆ ਨੇ ਖੁਲਾਸਾ ਕੀਤਾ ਹੈ ਕਿ ਉਹ ਵੀ ਉਸ ਨਾਲ ਡੇਟ 'ਤੇ ਜਾਣਾ ਚਾਹੁੰਦੀ ਹੈ। 'ਕੌਫੀ ਵਿਦ ਕਰਣ' ਦੇ ਇਸ ਸੀਜ਼ਨ ਵਿੱਚ ਹਰ ਵਾਰ ਦੀ ਤਰ੍ਹਾਂ ਕੰਟਰੋਵਰਸੀ ਹੋ ਗਈ ਤਾਂ ਕੁਝ ਦਿਲਚਸਪ ਖੁਲਾਸੇ ਵੀ ਹੋਏ। ਇਨ੍ਹਾਂ 'ਚ ਸਾਰਾ ਦਾ ਕਾਰਤਿਕ ਬਾਰੇ ਖੁਲਾਸਾ ਕਾਫੀ ਚਰਚਾ 'ਚ ਰਿਹਾ। ਸਾਰਾ ਨੇ ਚੈਟ ਸ਼ੋਅ ਦੌਰਾਨ ਕਿਹਾ ਸੀ ਕਿ ਉਹ ਕਾਰਤਿਕ ਨੂੰ ਡੇਟ ਕਰਨਾ ਚਾਹੁੰਦੀ ਹੈ। ਇਸ ਤੋਂ ਬਾਅਦ ਕਾਰਤਿਕ ਤੋਂ ਕਈ ਵਾਰ ਸਵਾਲ ਪੁੱਛਿਆ ਗਿਆ ਤਾਂ ਮਜ਼ੇਦਾਰ ਜਵਾਬ ਮਿਲਦੇ ਰਹੇ।

ਕਾਰਤਿਕ ਨੇ ਮਜ਼ਾਕ ਵਿੱਚ ਇਹ ਵੀ ਕਿਹਾ ਕਿ ਉਹ ਉਨ੍ਹਾਂ ਨੂੰ ਡੇਟ ਕਰਨ ਨੂੰ ਤਿਆਰ ਹਨ, ਬੱਸ ਉਨ੍ਹਾਂ ਨੂੰ ਟਾਈਮ ਤੇ ਡੇਟ ਦੱਸਣੀ ਹੈ। ਇਸ ਤੋਂ ਬਾਅਦ ਕਾਰਤਿਕ ਨੂੰ ਅਨੰਨਿਆ ਨਾਲ ਦੇਖਿਆ ਗਿਆ ਤਾਂ ਉਨ੍ਹਾਂ ਦੇ ਅਫੇਅਰ ਦੇ ਚਰਚੇ ਸ਼ੁਰੂ ਹੋ ਗਏ। ਕਰਣ ਦੇ ਚੈਟ ਸ਼ੋਅ ਦੇ ਲੇਟੈਸਟ ਐਪੀਸੋਡ ਵਿੱਚ ਅਨੰਨਿਆ, ਤਾਰਾ ਸੁਤਾਰੀਆ ਤੇ ਟਾਈਗਰ ਸ਼ਰਾਫ ਗਏ ਸਨ। ਸ਼ੋਅ ਦੌਰਾਨ ਅਨੰਨਿਆ ਨੇ ਕਿਹਾ ਕਿ ਕਾਰਤਿਕ ਉਨ੍ਹਾਂ ਨੂੰ ਬਹੁਤ ਕਿਊਟ ਲੱਗਦੇ ਹਨ। ਜਦੋਂ ਕਰਣ ਨੇ ਕਿਹਾ ਕਿ ਸਾਰਾ ਵੀ ਉਨ੍ਹਾਂ ਨਾਲ ਜਾਣਾ ਚਾਹੁੰਦੀ ਹੈ ਤਾਂ ਇਸ 'ਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ ਠੀਕ ਹੈ ਤਾਂ ਉਹ ਵੀ ਉਥੇ ਚਲੀ ਜਾਵੇਗੀ, ਜਿੱਥੇ ਸਾਰਾ ਅਤੇ ਕਾਰਤਿਕ ਜਾ ਰਹੇ ਹੋਣਗੇ। ਮਜ਼ਾ ਆਵੇਗਾ।

## ਗੁੱਸੇ ਵਿੱਚ ਪਰਤੀ ਨਰਗਿਸ



ਨਰਗਿਸ ਫਾਖਰੀ ਨੇ ਪਿੱਛੇ ਜਿਹੇ ਫਿਲਮ 'ਅਮਾਵਸ' ਨਾਲ ਲੰਬੇ ਸਮੇਂ ਬਾਅਦ ਬਾਲੀਵੁੱਡ ਵਿੱਚ ਵਾਪਸੀ ਕੀਤੀ ਹੈ। ਇਸ ਵਿੱਚ ਉਸ ਦੇ ਆਪੋਜ਼ਿਟ ਸਚਿਨ ਜੋਸ਼ੀ ਦਿਖਾਈ ਦਿੱਤਾ ਹੈ। ਇਸ ਫਿਲਮ ਦੀ ਪ੍ਰਮੋਸ਼ਨ ਲਈ ਉਹ ਭਾਰਤ ਪਰਤੀ ਸੀ, ਪਰ ਵਿਚਾਲੇ ਜਿਹੇ ਹੀ ਇਸ ਦੀ ਪ੍ਰਮੋਸ਼ਨ ਛੱਡ ਕੇ ਪਰਤ ਗਈ। ਬੇਸ਼ੱਕ ਉਹ ਇਸ ਫਿਲਮ ਦੀ ਪ੍ਰਮੋਸ਼ਨ ਵਿਚਾਲੇ ਛੱਡ ਕੇ ਅਮਰੀਕਾ ਰਵਾਨਾ ਹੋ ਗਈ, ਕਿਉਂਕਿ ਪ੍ਰਚਾਰ ਦੇ ਦੌਰਾਨ ਉਸ ਤੋਂ ਪੁੱਛੇ ਜਾ ਰਿਹੇ ਨਿੱਜੀ ਸਵਾਲਾਂ 'ਤੇ ਉਸ ਨੂੰ ਇਤਰਾਜ਼ ਸੀ। ਕਿਹਾ ਜਾ ਰਿਹਾ ਹੈ ਕਿ ਆਪਣੇ ਬੁਆਏ ਫਰੈਂਡ ਅਮੈਰੀਕਨ ਡਾਇਰੈਕਟਰ ਮੈਟ ਅਲੋਂਜੋ ਨਾਲ ਪਿਛਲੇ ਕੁਝ ਸਮੇਂ ਤੋਂ ਉਸ ਦੇ ਰਿਸ਼ਤੇ 'ਚ ਅਣਬਣ ਚੱਲ ਰਹੀ ਹੈ, ਇਹੀ ਕਾਰਨ ਹੈ ਕਿ ਉਹ ਇਨ੍ਹੀਂ ਦਿਨੀਂ ਕਾਫੀ ਪ੍ਰੇਸ਼ੈਨ ਹੈ।

ਇੰਨਾ ਹੀ ਨਹੀਂ ਫਿਲਮ ਨਿਰਮਾਤਾਵਾਂ ਨੇ ਨਰਗਿਸ ਨੂੰ ਫਿਲਮ ਦੇ ਲੇਟ ਹੋਣ ਦਾ ਜ਼ਿੰਮੇਵਾਰ ਵੀ ਕਿਹਾ ਸੀ। ਸੂਤਰਾਂ ਅਨੁਸਾਰ, 'ਸ਼ੁਰੂ ਦੇ ਦਿਨਾਂ ਵਿੱਚ ਪ੍ਰਮੋਸ਼ਨ ਬਹੁਤ ਚੰਗੇ ਤਰੀਕੇ ਨਾਲ ਹੋਈ, ਪਰ ਉਸ ਤੋਂ ਬਾਅਦ ਉਸ ਨੇ ਨਖਰੇ ਕਰਨੇ ਸ਼ੁਰੂ ਕਰ ਦਿੱਤੇ। ਇਸ ਨੇ ਵਾਅਦਾ ਕੀਤਾ ਸੀ ਕਿ ਉਹ ਸਿਟੀ ਟੂਰ 'ਤੇ ਫਿਲਮ ਦੀ ਹਰ ਚੀਜ਼ ਦਾ ਹਿੱਸਾ ਬਣੇਗੀ ਜੋ ਫਿਲਮ ਲਈ ਲਾਈਨਅਪ ਕੀਤੇ ਗਏ ਹਨ, ਪਰ ਉਹ ਉਸ ਲਈ ਵਾਪਸ ਨਹੀਂ ਆਈ। ਫਿਲਮ ਦੇ ਨਿਰਮਾਤਾ ਕਿਸੇ ਵੀ ਸ਼ੋਅ ਵਿੱਚ ਜਾ ਕੇ ਆਪਣੀ ਫਿਲਮ ਨੂੰ ਪ੍ਰਮੋਟ ਨਹੀਂ ਕਰ ਸਕੇ। ਨਰਗਿਸ ਦੀ ਗੈਰ ਮੌਜੂਦਗੀ 'ਚ ਇਸ ਦੇ ਹੋਰ ਸਿਤਾਰਿਆਂ ਨੂੰ ਖੁਦ ਹੀ ਇਸ ਦੀ ਪ੍ਰਮੋਸ਼ਨ ਲਈ ਅੱਗੇ ਆਉਣਾ ਪਿਆ।''

## ਡਾਂਸ ਵੀਡੀਓ ਨਾਲ ਚਮਕੀ ਆਲੀਆ ਫਰਨੀਚਰਵਾਲਾ



ਪਿਛਲੇ ਕੁਝ ਸਮੇਂ ਤੋਂ ਚਰਚਾ ਹੈ ਕਿ ਪੂਜਾ ਬੇਦੀ ਦੀ ਬੇਟੀ ਆਲੀਆ ਫਰਨੀਚਰਵਾਲਾ ਛੇਤੀ ਹੀ ਅਨੁਰਾਗ ਕਸ਼ਯਪ ਦੀ ਅਗਲੀ ਫਿਲਮ ਨਾਲ ਬਾਲੀਵੁੱਡ ਵਿੱਚ ਡੈਬਿਊ ਕਰ ਸਕਦੀ ਹੈ। ਇਸ ਨੂੰ ਇੱਕ ਕਾਮੇਡੀ ਫਿਲਮ ਦੱਸਿਆ ਜਾ ਰਿਹਾ ਹੈ ਜਿਸ ਵਿੱਚ ਸੈਫ ਅਲੀ ਖਾਨ ਅਤੇ ਉਸ ਦੀ ਬੇਟੀ ਸਾਰਾ ਅਲੀ ਖਾਨ ਦੋਵੇਂ ਮੁੱਖ ਰੋਲ ਕਰ ਰਹੇ ਹਨ। ਸੋਸ਼ਲ ਮੀਡੀਆ ਉਤੇ ਆਪਣੀਆਂ ਗਲੈਮਰਸ ਫੋਟੋਜ਼ ਲਈ ਅਕਸਰ ਚਰਚਾ ਵਿੱਚ ਰਹਿਣ ਵਾਲੀ ਆਲੀਆ ਪਿਛੇ ਜਿਹੇ ਓਦੋਂ ਸੁਰਖੀਆਂ ਵਿੱਚ ਆ ਗਈ, ਜਦੋਂ ਉਸ ਦੀ ਇੱਕ ਵੀਡੀਓ ਤੇਜ਼ੀ ਨਾਲ ਵਾਇਰਲ ਹੋਈ, ਜਿਸ ਵਿੱਚ ਉਹ ਸ਼ਾਨਦਾਰ ਡਾਂਸ ਕਰਦੀ ਦਿਖਾਈ ਦੇਂਦੀ ਸੀ। ਉਸ ਨੇ ਇਹ ਵੀਡੀਓ ਇੰਸਟਾਗ੍ਰਾਮ ਉੱਤੇ ਸ਼ੇਅਰ ਕੀਤਾ ਸੀ। ਵੀਡੀਓ ਵਿੱਚ 'ਮੈਂ ਤੈਨੂੰ ਸਮਝਾਵਾਂ ਕੀ...' ਗੀਤ ਉੱਤੇ ਬਹੁਤ ਆਕਰਸ਼ਕ ਡਾਂਸ ਕਰਦੀ ਨਜ਼ਰ ਆ ਰਹੀ ਸੀ। ਉਸ ਦੇ ਅੰਦਾਜ਼ ਨੂੰ ਦੇਖ ਕੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਜੇ ਉਹ ਬਾਲੀਵੁੱਡ ਵਿੱਚ ਡੈਬਿਊ ਕਰਦੀ ਹੈ ਤਾਂ ਜਾਹਨਵੀ ਕਪੂਰ ਅਤੇ ਸਾਰਾ ਅਲੀ ਖਾਨ ਨੂੰ ਜ਼ਬਰਦਸਤ ਟੱਕਰ ਦੇਵੇਗੀ। ਆਲੀਆ ਨੇ ਵੀਡੀਓ ਸ਼ੇਅਰ ਕਰਦੇ ਹੋਏ ਕੈਪਸ਼ਨ 'ਚ ਲਿਖਿਆ, ''ਕਈ ਘੰਟਿਆਂ ਦੀ ਮਿਹਨਤ, ਧੀਰਜ, ਸੱਟਾਂ, ਹਾਸਾ ਤੇ ਹੰਝੂਆਂ ਤੋਂ ਬਾਅਦ ਵੀ ਅਜੇ ਹੋਰ ਅੱਗੇ ਜਾਣਾ ਹੈ। ਅੱਜ ਮੈਂ ਇਹ ਡਾਂਸ ਵੀਡੀਓ ਅਪਲੋਡ ਕੀਤਾ ਹੈ, ਜਿਸ ਵਿੱਚ ਮੈਂ 'ਸਮਝਾਵਾਂ...' ਅਤੇ 'ਟਿਪ ਟਿਪ...' ਗੀਤਾਂ ਉੱਤੇ ਡਾਂਸ ਪ੍ਰਫਾਰਮੈਂਸ ਦਿੱਤੀ। ਡਿੰਪਲ ਅਤੇ ਉਤਕਰਸ਼ ਨੂੰ ਸ਼ਾਨਦਾਰ ਟੀਚਰ ਅਤੇ ਚੰਗਾ ਇਨਸਾਨ ਹੋਣ ਲਈ ਬਹੁਤ ਬਹੁਤ ਸ਼ੁਕਰੀਆ।''

## ਸਾਦਗੀ ਪਸੰਦ ਕਿਆਰਾ



ਇਨ੍ਹੀਂ ਦਿਨੀਂ ਫਿਲਮ 'ਕਬੀਰ ਸਿੰਘ' ਦੀ ਸ਼ੂਟਿੰਗ 'ਚ ਰੁਝੀ ਕਿਆਰਾ ਅਡਵਾਨੀ ਇਸ ਵਿੱਚ ਸ਼ਾਹਿਦ ਕਪੂਰ ਨਾਲ ਪਹਿਲੀ ਵਾਰ ਸਿਲਵਰ ਸਕਰੀਨ 'ਤੇ ਦਿਖਾਈ ਦੇਵੇਗੀ। ਫਿਲਮ 'ਫੁਗਲੀ' ਨਾਲ 2014 ਵਿੱਚ ਬਾਲੀਵੁੱਡ ਵਿੱਚ ਕਦਮ ਰੱਖਣ ਵਾਲੀ ਕਿਆਰਾ ਨੂੰ ਪਹਿਲੀ ਪਛਾਣ ਫਿਲਮ 'ਐੱਮ ਐੱਸ ਧੋਨੀ' ਬਾਇਓਪਿਕ ਤੋਂ ਮਿਲੀ ਸੀ, ਜਿਸ ਵਿੱਚ ਉਸ ਨੇ ਸਾਕਸ਼ੀ ਧੋਨੀ ਦਾ ਕਿਰਦਾਰ ਨਿਭਾਇਆ ਸੀ। ਇਸ ਤੋਂ ਬਾਅਦ ਵੈਬ ਸੀਰੀਜ਼ 'ਲਸਟ ਸਟੋਰੀਜ਼' ਵਿੱਚ ਸਨਸਨੀਖੇਜ਼ ਰੋਲ ਨਾਲ ਉਸ ਨੇ ਹੰਗਾਮਾ ਮਚਾ ਦਿੱਤਾ ਸੀ। ਇਸ ਨਾਲ ਇੰਡਸਟਰੀ ਵਿੱਚ ਇਸ ਦੀ ਡਿਮਾਂਡ ਬਹੁਤ ਵੱਧ ਚੁੱਕੀ ਹੈ। ਜਲਦੀ ਹੀ ਉਹ ਫਿਲਮ 'ਕਬੀਰ ਸਿੰਘ' ਵਿੱਚ ਫਿਰ ਦਰਸ਼ਕਾਂ ਦਾ ਦਿਲ ਜਿੱਤਣ ਦੇ ਲਈ ਤਿਆਰ ਹੈ। ਤੇਲਗੂ ਦੀ ਸੁਪਰਹਿੱਟ ਫਿਲਮ 'ਅਰਜੁਨ ਰੈਡੀ' ਦੀ ਹਿੰਦੀ ਰੀਮੇਕ ਵਿੱਚ ਕਿਆਰਾ ਲੀਡ ਰੋਲ ਕਰ ਰਹੀ ਹੈ।

ਇੱਕ ਇੰਟਰਵਿਊ ਵਿੱਚ ਆਪਣੇ ਕਿਰਦਾਰ ਬਾਰੇ ਕਿਆਰਾ ਨੇ ਕਿਹਾ, ''ਮੈਨੂੰ ਆਪਣਾ ਸਾਦਾ ਕਿਰਦਾਰ ਪਸੰਦ ਹੈ। ਤੁਹਾਨੂੰ ਬਹੁਤ ਜ਼ਿਆਦਾ ਟਚਅਪ ਲਈ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ ਤੇ ਫਿਰ ਮੇਕਅਪ ਹਟਾਉਣ ਦਾ ਵੀ ਕੋਈ ਸਿਰ-ਦਰਦ ਨਹੀਂ ਹੈ। ਮੈਂ ਨਿੱਜੀ ਜ਼ਿੰਦਗੀ ਵਿੱਚ ਵੀ ਕਦੇ-ਕਦਾਈਂ ਹੀ ਸ਼ੀਸ਼ਾ ਦੇਖਦੀ ਹਾਂ ਅਤੇ ਆਪਣੀ ਟੀਮ 'ਤੇ ਵਿਸ਼ਵਾਸ ਕਰਦੀ ਹਾਂ ਕਿ ਉਹ ਮੈਨੂੰ ਸਕਰੀਨ 'ਤੇ ਪ੍ਰੈਜ਼ੈਂਟੇਬਲ ਹੀ ਦਿਖਾਉਮਗੇ ਇਸ ਲਈ ਸੈਟ 'ਤੇ ਰਹਿਣਾ ਚੰਗਾ ਹੈ।''

ਕਿਆਰਾ ਦੀ ਫਿਲਮ 'ਕਬੀਰ ਸਿੰਘ' ਦੇ ਸੈਟ ਤੋਂ ਪਿਛਲੇ ਦਿਨੀਂ ਇੱਕ ਬੁਰੀ ਖਬਰ ਆਈ ਸੀ ਕਿ ਸ਼ੂਟਿੰਗ ਦੌਰਾਨ ਹੋਏ ਹਾਦਸੇ ਵਿੱਚ ਇੱਕ ਤੀਹ ਸਾਲਾ ਵਿਅਕਤੀ ਦੀ ਮੌਤ ਹੋ ਗਈ। ਫਿਲਮ ਦੀ ਸ਼ੂਟਿੰਗ ਮਸੂਰੀ ਦੇ ਇੱਕ ਹੋਟਲ ਵਿੱਚ ਚੱਲ ਰਹੀ ਸੀ। ਜਨਰੇਟਰ ਕੰਪਨੀ ਲਈ ਕੰਮ ਕਰਨ ਵਾਲੇ ਰਾਮੂ ਮਾਨ ਸਿੰਘ ਨਾਂਅ ਦੇ ਮਕੈਨਿਕ ਦਾ ਮਫਲਰ ਰਿਪੇਅਰਿੰਗ ਦੌਰਾਨ ਜਨਰੇਟਰ ਦੇ ਪੱਖੇ ਵਿੱਚ ਫਸ ਗਿਆ ਅਤੇ ਉਸ ਦੇ ਨਾਲ ਰਾਮੂ ਵੀ ਖਿਚਿਆ ਗਿਆ। ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਹਸਪਤਾਲ ਵਿੱਚ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਕਿਆਰਾ ਨੇ ਇਸ ਫਿਲਮ ਵਿੱਚ ਆਪਣੇ ਕੋ ਸਟਾਰ ਸ਼ਾਹਿਦ ਦੀ ਤਾਰੀਫ ਕਰਦੇ ਹੋਏ ਕਿਹਾ, 'ਇਹ ਨਹੀਂ ਕਹਿ ਸਕਦੀ ਕਿ ਮੈਂ ਸ਼ਾਹਿਦ ਨੂੰ ਦੇਖਦੇ ਹੋਏ ਵੱਡੀ ਹੋਈ ਹਾਂ, ਕਿਉਂਕਿ ਉਹ ਇੰਨੇ ਵੱਡੇ ਨਹੀਂ ਹਨ, ਪਰ ਫਿਲਮ ਦਾ ਇੱਕ ਪੂਰਾ ਸ਼ਡਿਊਲ ਉਨ੍ਹਾਂ ਨਾਲ ਪੂਰਾ ਕਰਨ ਤੋਂ ਬਾਅਦ ਮੈਂ ਜ਼ਰੂਰ ਕਹਿ ਸਕਦੀ ਹਾਂ ਕਿ ਮੈਂ ਉਨ੍ਹਾਂ ਨੂੰ ਇਸ ਕਿਰਦਾਰ ਵਿੱਚ ਦੇਖਣ ਤੋਂ ਇਲਾਵਾ ਕੁਝ ਨਹੀਂ ਦੇਖ ਸਕਦੀ। ਉਨ੍ਹਾਂ ਨਾਲ ਕੰਮ ਕਰਨਾ ਮੇਰੇ ਲਈ ਵੱਡੀ ਗੱਲ ਹੈ, ਜੋ ਆਪਣੇ ਸੀਨ ਲਈ ਬਹੁਤ ਮਿਹਨਤ ਕਰਦੇ ਹਨ।'' ਕਿਆਰਾ ਨਾਲ ਇਸ ਫਿਲਮ ਵਿੱਚ 'ਸਟੂਡੈਂਟ ਆਫ ਦਿ ਈਅਰ 2' ਨਾਲ ਡੈਬਿਊ ਕਰ ਰਹੀ ਤਾਰਾ ਸੁਤਾਰੀਆ ਦੀ ਐਂਟਰੀ ਹੋਈ ਸੀ, ਪਰ ਉਸ ਦੀ ਇਹ ਫਿਲਮ ਛੱਡ ਦੇਣ 'ਤੇ ਇਹ ਕਿਆਰਾ ਦੀ ਝੋਲੀ ਵਿੱਚ ਜਾ ਡਿੱਗੀ।



## INTERSTATE FREIGHT SYSTEMS INC.

## A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario
ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

**Also Hiring Owner Operators for local work**

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
(Monday to Friday | 10am to 5pm)

IFS



## AZ DRIVERS JOB FAIR

### SEEKING DRIVERS FOR RUNS TO U.S

Hourly Pay 100%; We are currently hiring AZ drivers, Company and Owner Operators for our US Highway Runs;
Our drivers are the heart of our company;

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟਰੱਕ, ਸ਼ਨਿੱਚਰਵਾਰ ਤੇ ਐਤਵਾਰ ਨੂੰ ਘਰੇ। }

**Location:** 75 Rexdale Blvd, Etobicoke, M9W 1P1

**Date:** Friday, March 8th from 8 am to 5 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues
- Referral Bonus
- Competitive Hourly Pay Structure

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



## ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

### ਹੁਣ ਖੁਲ ਗਿਆ ਹੈ ਬਰੈਂਪਟਨ ਵਿੱਚ

RAINBOW INTERNATIONAL RESTORATION

## Residential & Commercial Restoration/Cleaning Services

| Restoration Services | Cleaning Services |
| --- | --- |
| Water Damage Mitigation | Carpet Cleaning |
| Fire and Smoke Restoration | Spot and Stain Removal |
| Mould Remediation | Air Duct Cleaning |
| Contents Inventory & Pack-out | Tile and Grout Cleaning |
| Biohazard Cleanup | Odour Removal |
| | Power Washing |

ਘਰ/ਦਫਤਰ ਜਾਂ *Commercial* ਕਿਸੇ ਵੀ *Building* ਦੀ ਹਰ ਸਮਸਿਆ ਦਾ ਸਿਕੇ ਬੰਦ ਹਲ – ਜਿਵੇਂ ਕਿ :-

- ਦਿਵਾਰ/ਛੱਤ/ ਜਾਂ ਬੈਸਮੇਂਟ ਵਿੱਚ ਪਾਣੀ ਦੀ *Leakage* (ਸਿਮਣਾ) ਨੂੰ ਬਾਰੀਕੀ ਨਾਲ ਜਾਂਚ ਕਰਕੇ ਤੁਰੰਤ ਸੀਲ ਵਾਂਗੂ ਬੰਦ ਕਰਨਾ।
- ਘਰ ਵਿਚੋ ਧੂੰਆ/ਜਾਂ ਜਹਿਰੀਲੀ ਗੈਸ ਦੀ smell ਨੂੰ ਜਾਂਚ ਕੇ *Control* ਕਰਣਾ ਤੇ ਉਸ ਨੂੰ ਅੱਗ ਆਦਿ ਲਗਣ ਤੋਂ ਬਚਾਉਣਾ।
- *Air Duct Cleaning with powerful vacuum pumps* – ਇਨ੍ਹਾਂ ਦੀ ਕਿਤੀ ਦਾ ਫਰਕ ਤੁਸੀ ਖੁਦ ਮਹਿਸੂਸ ਕਰੋਗੇ।
- *Carpet/Tiles/Sofa* ਆਦਿ ਦੇ ਦਾਗਾਂ ਨੂੰ ਜੜ ਤੋਂ ਖਤਮ ਕਰਕੇ *Sanitize* ਕਰਕੇ ਨਵੇਂ ਵਰਗਾ ਬਣਾਉਣਾ।

**905.487.4500 | rainbowintl.com/brampton**

*188 Wilkinson Rd #6, Brampton, ON L6T 4W9 (Dixie & Advance Blvd.)*




ਜ਼ਰੂਰਤ ਪੈਣ ਤੇ ਇਨਾਂ ਦੀ *Special Van 15-20 Dryer/Humidifier* ਲੈ ਕੇ ਹਾਦਸੇ ਵਾਲੀ ਜਗ੍ਹਾ ਤੇ ਪਹੁੰਚ ਕੇ ਤੁਹਾਡੇ ਜਾਨ ਮਾਲ ਦਾ ਨੁਕਸਾਨ ਹੋਣ ਤੋਂ ਬਚਾਉਣ ਵਿੱਚ ਤੁਹਾਡੀ ਮਦਦ ਕਰਨਗੇ।

